ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit punjabipost.ca/epaper | Vol 21* Issue 227 | Monday, November 28, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barristor, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

## ਬਾਥਰਸਟ ਸਟਰੀਟ ਪੁਲ ਦੇ ਹੇਠਾਂ ਹੋਇਆ ਧਮਾਕਾ, ਨੁਕਸਾਨ ਤੋਂ ਰਿਹਾ ਬਚਾਅ



ਟੋਰਾਂਟੋ, 27 ਨਵੰਬਰ (ਪੋਸਟ ਬਿਊਰੋ) : ਸ਼ਨਿੱਚਰਵਾਰ ਰਾਤ ਨੂੰ ਫੋਰਟ ਯੌਰਕ ਬੁਲੇਵਾਰਡ ਉੱਤੇ ਸਥਿਤ ਬਾਥਰਸਟ ਸਟਰੀਟ ਪੁਲ ਦੇ ਹੇਠਾਂ ਧਮਾਕਾ ਹੋਣ ਤੇ ਅੱਗ ਲੱਗ ਜਾਣ ਦੇ ਬਾਵਜੂਦ ਕਿਸੇ ਦੇ ਜ਼ਖ਼ਮੀ ਹੋਣ ਦੀ ਖਬਰ ਨਹੀਂ ਮਿਲੀ ਹੈ।

ਪ੍ਰੋਪੇਨ ਟੈਂਕਸ ਵਿੱਚ ਧਮਾਕਾ ਹੋਣ ਤੋਂ ਬਾਅਦ ਅੱਗ ਲੱਗ ਜਾਣ ਮਗਰੋਂ ਰਾਤੀਂ 11:15 ਵਜੇ ਟੋਰਾਂਟੋ ਫਾਇਰ ਨੂੰ ਮੌਕੇ ਉੱਤੇ ਸੱਦਿਆ ਗਿਆ। ਇਸ ਇਲਾਕੇ ਦੇ ਨੇੜੇ ਮੌਜੂਦ ਲੋਕਾਂ ਨੂੰ ਬਹੁਤ ਜ਼ੋਰਦਾਰ ਧਮਾਕਾ ਸੁਣਾਈ ਦਿੱਤਾ ਤੇ ਉਨ੍ਹਾਂ ਨੂੰ ਇਸ ਏਰੀਆ ਵਿੱਚੋਂ ਭਾਰੀ ਮਾਤਰਾ ਵਿੱਚ ਧੂੰਆ ਤੇ ਅੱਗ ਦੀਆਂ ਲਪਟਾਂ ਨਿਕਲਦੀਆਂ ਨਜ਼ਰ ਆਈਆਂ।

ਇਸ ਇਲਾਕੇ ਨੂੰ ਆਵਾਜਾਈ ਲਈ ਰੋਕ ਦਿੱਤਾ ਗਿਆ ਪਰ ਸਥਿਤੀ ਉੱਤੇ ਕਾਬੂ ਪਾ ਲਏ ਜਾਣ ਤੋਂ ਬਾਅਦ ਇੱਥੇ ਆਵਾਜਾਈ ਮੁੜ ਸ਼ੁਰੂ ਕਰ ਦਿੱਤੀ ਗਈ। ਇਸ ਮਾਮਲੇ ਵਿੱਚ ਹੋਰ ਜਾਣਕਾਰੀ ਹਾਲ ਦੀ ਘੜੀ ਹਾਸਲ ਨਹੀਂ ਹੋਈ ਹੈ।

## ਸਾਈਬਰ ਅਟੈਕ ਕਾਰਨ ਦਰਹਾਮ ਡਿਸਟ੍ਰਿਕਟ ਸਕੂਲ ਬੋਰਡ ਦੀਆਂ ਟੈਲੀਫੋਨ ਤੇ ਈਮੇਲ ਸੇਵਾਵਾਂ ਠੱਪ

ਦਰਹਾਮ, 27 ਨਵੰਬਰ (ਪੋਸਟ ਬਿਊਰੋ) : ਦਰਹਾਮ ਡਿਸਟ੍ਰਿਕਟ ਸਕੂਲ ਬੋਰਡ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਅਜਿਹੇ ਸਾਈਬਰ ਅਟੈਕ ਦਾ ਸਾਹਮਣਾ ਕਰਨਾ ਪਿਆ ਹੈ ਜਿਸ ਕਾਰਨ ਟੈਲੀਫੋਨ ਤੇ ਈਮੇਲ ਸਰਵਿਸ ਬਿਲਕੁਲ ਠੱਪ ਹੋ ਗਈ ਸੀ। ਇਸ ਕਾਰਨ ਨੇੜ ਭਵਿੱਖ ਵਿੱਚ ਆਨਲਾਈਨ ਲਰਨਿੰਗ ਵੀ ਨਕਾਰਾ ਹੋ ਗਈ।

ਸਕੂਲ ਬੋਰਡ ਨੇ ਆਖਿਆ ਕਿ ਇਸ ਸਾਈਬਰ ਹਮਲੇ ਦਾ ਸੱਭ ਤੋਂ ਪਹਿਲਾਂ ਪਤਾ ਉਨ੍ਹਾਂ ਨੂੰ ਸ਼ੁੱਕਰਵਾਰ ਨੂੰ ਲੱਗਿਆ। ਬੋਰਡ ਨੇ ਆਖਿਆ ਕਿ ਆਈਟੀ ਟੀਮਾਂ ਪੂਰਾ ਵੀਕੈਂਡ ਸੇਵਾਵਾਂ ਨੂੰ ਬਹਾਲ ਕਰਨ ਵਿੱਚ ਲੱਗੀਆਂ ਰਹੀਆਂ। ਇਹ ਸਾਈਬਰ ਹਮਲਾ ਕਿਸ ਤਰ੍ਹਾਂ ਦਾ ਸੀ ਇਸ ਬਾਰੇ ਸਕੂਲ ਬੋਰਡ ਨੇ ਬਹੁਤਾ ਵੇਰਵਾ ਜਾਰੀ ਨਹੀਂ ਕੀਤਾ। ਐਤਵਾਰ ਸ਼ਾਮ ਨੂੰ ਜਾਰੀ ਕੀਤੇ ਗਏ ਇੱਕ ਬਿਆਨ ਵਿੱਚ ਬੋਰਡ ਨੇ ਆਖਿਆ ਕਿ



ਜਿਵੇਂ ਹੀ ਸਾਨੂੰ ਇਸ ਹਮਲੇ ਦਾ ਪਤਾ ਲੱਗਿਆ ਅਸੀਂ ਆਪਣੇ ਨੈੱਟਵਰਕ ਨੂੰ ਸਕਿਓਰ ਕਰਨ ਲਈ ਫੌਰੀ ਕਦਮ ਚੁੱਕੇ ਤੇ ਮਾਹਿਰਾਂ ਦੀ ਤੁਰੰਤ ਮਦਦ ਲਈ। ਅਸੀਂ ਲਾਅ ਐਨਫੋਰਸਮੈਂਟ ਨੂੰ ਵੀ ਇਸ ਬਾਰੇ ਜਾਣਕਾਰੀ ਦੇ ਦਿੱਤੀ ਹੈ ਤੇ ਇਸ ਘਟਨਾ ਦੇ ਪੈਣ ਵਾਲੇ ਅਸਰ ਨੂੰ ਵੀ ਅਸੀਂ ਸਮਝਣ ਦੀ ਕੋਸ਼ਿਸ਼ ਕਰ ਰਹੇ ਹਾਂ।

ਬੋਰਡ ਨੇ ਆਖਿਆ ਕਿ ਸਕੂਲ ਇਨ-ਪਰਸਨ ਲਰਨਿੰਗ ਲਈ ਸੋਮਵਾਰ ਤੋਂ ਖੁੱਲ੍ਹਣ ਜਾ ਰਹੇ ਹਨ, ਸਾਰੇ ਫੋਨ ਤੇ ਈਮੇਲ ਸੇਵਾਵਾਂ ਆਫਲਾਈਨ ਰਹਿਣਗੀਆਂ। ਬੋਰਡ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਆਪਣੇ ਬੱਚੇ ਦੇ ਨਾਲ ਆਰਜ਼ੀ ਐਮਰਜੰਸੀ ਕਾਂਟੈਕਟ ਨੰਬਰ ਜ਼ਰੂਰ ਭੇਜਿਆ ਜਾਵੇ। ਇਹ ਵੀ ਆਖਿਆ ਗਿਆ ਕਿ ਬੱਚਿਆਂ ਦੀ ਅਟੈਂਡੈਂਸ ਅਧਿਆਪਕਾਂ ਵੱਲੋਂ ਖੁਦ ਲਈ ਜਾਵੇਗੀ ਤੇ ਇਸ ਲਈ ਗੈਰਹਾਜ਼ਰ ਬੱਚਿਆਂ ਦੇ ਮਾਪਿਆਂ/ਗਾਰਡੀਅਨਜ਼ ਨਾਲ ਸੰਪਰਕ ਕਰਨਾ ਸੰਭਵ ਨਹੀਂ ਹੋਵੇਗਾ। ਬੋਰਡ ਨੇ ਇਹ ਵੀ ਆਖਿਆ ਕਿ ਬਹੁਤੇ ਬੱਚਿਆਂ ਦੀ ਕ੍ਰੋਮਬਰੁੱਕਜ਼ ਕੰਮ ਨਹੀਂ ਕਰਨਗੀਆਂ ਤੇ @ਮਏ ਕਲਾਸਾਂ ਤੇ ਲਿਟਰੇਸੀ ਟੈਸਟ ਰੱਦ ਕਰ ਦਿੱਤੇ ਗਏ ਹਨ।

## ਬਰਲਿੰਗਟਨ ਵਿਚ ਸੜਦੀ ਹੋਈ ਕਾਰ ਵਿਚੋਂ ਮਿਲੀ ਲਾਸ਼




ਬਰਲਿੰਗਟਨ, 27 ਨਵੰਬਰ (ਪੋਸਟ ਬਿਊਰੋ) : ਹਾਲਟਨ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਉਨ੍ਹਾਂ ਨੂੰ ਐਤਵਾਰ ਸਵੇਰੇ ਬਰਲਿੰਗਟਨ ਵਿੱਚ ਇੱਕ ਸੜਦੀ ਹੋਈ ਕਾਰ ਵਿੱਚੋਂ ਇੱਕ ਵਿਅਕਤੀ ਦੀ ਲਾਸ਼ ਮਿਲੀ। ਮਾਮਲੇ ਦੀ ਜਾਂਚ ਕਰ ਰਹੀ ਪੁਲਿਸ ਇਸ ਨੂੰ ਸ਼ੱਕੀ ਮੰਨ ਕੇ ਚੱਲ ਰਹੀ ਹੈ।

ਪੁਲਿਸ ਤੇ ਫਾਇਰ ਅਮਲੇ ਨੂੰ ਤੜਕੇ 3:30 ਉੱਤੇ ਟ੍ਰਿਮੇਨ ਰੋਡ ਉੱਤੇ ਡੰਡਸ ਸਟਰੀਟ ਵੈਸਟ ਉੱਤੇ ਸੱਦਿਆ ਗਿਆ। ਇੱਕ ਬਿਆਨ ਵਿੱਚ ਪੁਲਿਸ ਨੇ ਦੱਸਿਆ ਕਿ ਅੱਗ ਬੁਝਾਏ ਜਾਣ ਤੋਂ ਬਾਅਦ ਐਮਰਜੰਸੀ ਅਮਲੇ ਦੇ ਕਰਮਚਾਰੀਆਂ ਨੂੰ ਗੱਡੀ ਵਿੱਚੋਂ ਇੱਕ ਵਿਅਕਤੀ ਦੀ ਲਾਸ਼ ਮਿਲੀ। ਮਾਮਲਾ ਸ਼ੱਕੀ ਪਾਏ ਜਾਣ ਉੱਤੇ ਇਸ ਕੇਸ ਦੀ ਜਾਂਚ ਹੋਮੀਸਾਈਡ ਯੂਨਿਟ ਵੱਲੋਂ ਕੀਤੀ ਜਾ ਰਹੀ ਹੈ। ਗੱਡੀ ਨੂੰ ਅਗਲੇਰੀ ਜਾਂਚ ਲਈ ਟੋਰਾਂਟੋ ਦੇ ਸੈਂਟਰ ਆਫ ਫੋਰੈਂਸਿਕ ਸਾਇੰਸਿਜ਼ ਲਿਜਾਇਆ ਗਿਆ ਹੈ। ਇੱਥੇ ਹੀ ਗੱਡੀ ਦੀ ਬਰੀਕੀ ਨਾਲ ਜਾਂਚ ਕੀਤੀ ਜਾਵੇਗੀ ਤੇ ਮ੍ਰਿਤਕ ਵਿਅਕਤੀ ਦੀ ਪਛਾਣ ਕੀਤੀ ਜਾਵੇਗੀ।

ਪੁਲਿਸ ਨੇ ਆਖਿਆ ਕਿ ਉਹ ਕਿਸੇ ਵੀ ਅਜਿਹੇ ਵਿਅਕਤੀ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਜਿਸਨੇ ਇਸ ਘਟਨਾ ਨੂੰ ਅੱਖੀਂ ਵੇਖਿਆ ਹੋਵੇ ਜਾਂ ਫਿਰ ਜਿਹੜਾ ਇਸ ਘਟਨਾ ਦੇ ਵਾਪਰਨ ਸਮੇਂ ਬ੍ਰੌਂਟ ਰੋਡ ਤੇ ਐਪਲਬੇਅ ਲਾਈਨ ਦਰਮਿਆਨ ਡੰਡਸ ਏਰੀਆ ਵਿੱਚ ਹੋਵੇ। ਪੁਲਿਸ ਵੱਲੋਂ ਲੋਕਾਂ ਨੂੰ ਇਹ ਅਪੀਲ ਵੀ ਕੀਤੀ ਗਈ ਹੈ ਕਿ ਜੇ ਕਿਸੇ ਕੋਲ ਇਸ ਘਟਨਾ ਦੀ ਡੈਸ਼ਕੈਮ ਫੁਟੇਜ ਹੋਵੇ ਉਹ ਵੀ ਉਨ੍ਹਾਂ ਨਾਲ ਸੰਪਰਕ ਕਰ ਸਕਦਾ ਹੈ।

## ਸਕਾਰਬਰੋ ਵਿੱਚ ਹਥਿਆਰਬੰਦ ਡਾਕੇ ਨੂੰ ਅੰਜਾਮ ਦੇਣ ਵਾਲਾ ਮਸ਼ਕੂਕ ਗ੍ਰਿਫਤਾਰ

ਸਕਾਰਬਰੋ, 27 ਨਵੰਬਰ (ਪੋਸਟ ਬਿਊਰੋ) : ਸਕਾਰਬਰੋ ਵਿੱਚ ਹਥਿਆਰਬੰਦ ਡਾਕੇ ਨੂੰ ਅੰਜਾਮ ਦੇਣ ਦੀ ਕੋਸ਼ਿਸ਼ ਕਰਨ ਵਾਲੇ ਇੱਕ ਮਸ਼ਕੂਕ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਟੋਰਾਂਟੋ ਪੁਲਿਸ ਨੇ ਦੱਸਿਆ ਕਿ ਐਤਵਾਰ ਨੂੰ ਸ਼ਾਮੀਂ 5:00 ਵਜੇ ਤੋਂ ਪਹਿਲਾਂ ਕਿੰਗਸਟਨ ਰੋਡ ਤੇ ਬੀਚਗ੍ਰੋਵ ਡਰਾਈਵ ਇਲਾਕੇ ਵਿੱਚ ਬੰਦੂਕ ਦੀ ਨੋਕ




ਉੱਤੇ ਇੱਕ ਵਿਅਕਤੀ ਨੂੰ ਲੁੱਟਿਆ ਗਿਆ। ਪੁਲਿਸ ਨੇ ਦੱਸਿਆ ਕਿ ਇਸ ਘਟਨਾ ਵਿੱਚ ਜਿਸ ਵਿਅਕਤੀ ਨੂੰ ਲੁੱਟਿਆ ਗਿਆ ਉਸ ਨੂੰ ਕੋਈ ਸ਼ਰੀਰਕ ਨੁਕਸਾਨ ਨਹੀਂ ਪਹੁੰਚਿਆ।

ਮਸ਼ਕੂਕ ਨੂੰ ਆਖਰੀ ਵਾਰੀ ਪੈਦਲ ਹੀ ਦੱਖਣ ਵਾਲੇ ਪਾਸੇ ਕਰਨਲ ਡੈਨਫੋਰਥ ਪਾਰਕ ਵੱਲ ਜਾਂਦਿਆਂ ਵੇਖਿਆ ਗਿਆ।

ਪੁਲਿਸ ਨੇ ਦੱਸਿਆ ਕਿ ਸ਼ਾਮੀਂ 6:00 ਵਜੇ ਤੋਂ ਬਾਅਦ ਉਨ੍ਹਾਂ ਨੂੰ ਮਸ਼ਕੂਕ ਮਿਲ ਗਿਆ ਤੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ।

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axael InsuranceBrokers Ltd. | 1332 Khalsa Dr, Unit # 11, Mississauga, ON L5S 0A2

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI
416.994.7272
www.allkindinsurance.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

GURBIR CHAHAL
416.566.7605
gurbir.chahal@yahoo.com
ROYAL LePAGE Flower City Realty

INSURANCE
Home
Auto
Business
Trucking
Life Insurance
Commercial
647-206-2452
Sukhwinder K Singh
CONNEX
7050A Bramalea Rd, Unit # 13, Mississauga, ON L5S 1T1

HOME APPLIANCES STORE
ANNIVERSARY SPECIAL DEAL
UPGRADE LAUNDRY IN JUST $99*
PRICE $5199* NO TAX
KitchenAid moffat | MAYTAG | LG | SAMSUNG | Electrolux | JENNAIR | BOSCH | Whirlpool
416-551-5553
WWW.OURRHOMEAPPLIANCES.COM

MUFFIN'S
Pure Vegetarian
INDIAN SWEETS & RESTAURANT
CALL (905)794-3007
NOW OPEN AT EMBASSY GRAND PLAZA
#6-8770 THE GORE RD, BRAMPTON, ON L6P 0B1
SPECIAL OFFER
FREE CHOLE BHATURE
WHEN YOU SPEND OVER $20
TIFFEN SERVICES ARE ALSO AVAILABLE

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate
Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
Canadian National Forklift Safety Group
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕਾਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats
Spiders & Fleas
Bedbugs
Wasps
Cockroaches
Carpenter Ants
Silver Fish
Racoons
Call : PARESH PATEL
(Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre
Avon Financial Inc.
Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## ਅੱਜ ਨਾਮਾ >>

ਮਾਇਆ ਮੌਤਾਂ ਦਾ ਕਾਰਨ ਹੈ ਬਣੀ ਡਾਢੀ,
ਘਰ ਦੇ ਜੀਆਂ ਦੇ ਕਤਲ ਵੀ ਹੋਏਮੀਆਂ।
ਦਿਨ ਤਿੰਨ ਤੇ ਆਈਆਂ ਵੀ ਤਿੰਨ ਖਬਰਾਂ,
ਲੜ-ਲੜ ਪਿਤਾ ਤੇ ਪੁੱਤ ਨੇ ਮੋਏ ਮੀਆਂ।
ਦੋ ਥਾਂ ਭਾਈਆਂ ਨੇ ਦਿੱਤਾ ਹੈ ਮਾਰ ਭਾਈ,
ਦੱਬੀਆਂ ਲਾਸ਼ਾਂ ਸੀ ਪੁੱਟ ਕੇ ਟੋਏ ਮੀਆਂ।
ਇੱਕ ਥਾਂ ਭਾਈ ਸੀ ਮਾ'ਰਤਾ ਭੈਣ-ਜੀਜਾ,
ਲੁਕਿਆ ਨਹੀਂ ਫਿਰ ਪਾਪ ਲੁਕੋਏ ਮੀਆਂ।
ਘਰਘਰ ਅੰਦਰ ਪੁਆੜੇ ਹਨ ਪਏ ਜਿਹੜੇ,
ਸੁਰੱਖਿਅਤ ਕਿਤੇ ਨਾ ਜਾਪਦਾ ਕੋਈ ਮੀਆਂ।
ਮਾਇਆ ਨਾਗਣੀ ਲੋਕਾਂ ਦੀ ਬਣੀ ਦੁਸ਼ਮਣ,
ਮਨੁੱਖਤਾ ਹੋਈ ਆ ਜਿਵੇਂ ਅਣਹੋਈ ਮੀਆਂ।

**ਤੀਸ ਮਾਰ ਖਾਂ**

# ਮੁੱਖ ਮੰਤਰੀ ਮਾਨ ਨੇ ਕਪੂਰਥਲਾ ਅਤੇ ਹੁਸ਼ਿਆਰਪੁਰ ਦਾ ਦੌਰਾ ਕਰਕੇ ਮੈਡੀਕਲ ਕਾਲਜਾਂ ਵਾਲੀਆਂ ਥਾਵਾਂ ਦਾ ਕੀਤਾ ਨਿਰੀਖਣ, ਕਿਹਾ ਮੈਡੀਕਲ ਸਿੱਖਿਆ ਦੇ ਧੁਰੇ ਵਜੋਂ ਉਭਰੇਗਾ ਪੰਜਾਬ

### * ਕਪੂਰਥਲਾ ਦੇ ਮੈਡੀਕਲ ਕਾਲਜ ਦਾ ਨਾਮ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ 'ਤੇ ਰੱਖਿਆ ਜਾਵੇਗਾ

ਕਪੂਰਥਲਾ/ਹੁਸ਼ਿਆਰਪੁਰ, 27 ਨਵੰਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਸੂਬੇ ਨੂੰ ਦੁਨੀਆ ਭਰ 'ਚ 'ਮੈਡੀਕਲ ਸਿੱਖਿਆ' ਦੇ ਧੁਰੇ ਵਜੋਂ ਉਭਾਰਨ ਲਈ ਆਪਣੀ ਸਰਕਾਰ ਦੀ ਦ੍ਰਿੜ ਵਚਨਬੱਧਤਾ ਨੂੰ ਦੁਹਰਾਇਆ।



ਕਪੂਰਥਲਾ ਵਿੱਚ ਬਣਨ ਵਾਲੇ ਮੈਡੀਕਲ ਕਾਲਜ ਦੀ ਥਾਂ ਦਾ ਨਿਰੀਖਣ ਕਰਨ ਆਏ ਮੁੱਖ ਮੰਤਰੀ ਨੇ ਕਿਹਾ ਕਿ ਇਸ ਮੈਡੀਕਲ ਕਾਲਜ ਦਾ ਨਾਂ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ 'ਤੇ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਕਾਲਜ ਦੀ ਜਗ੍ਹਾ ਅਤੇ ਰੂਪ ਰੇਖਾ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ ਹੈ ਅਤੇ ਇਸ ਵੱਕਾਰੀ ਪ੍ਰੋਜੈਕਟ 'ਤੇ ਛੇਤੀ ਹੀ ਕੰਮ ਸ਼ੁਰੂ ਹੋ ਜਾਵੇਗਾ। ਭਗਵੰਤ ਮਾਨ ਨੇ ਦੱਸਿਆ ਕਿ ਮੈਡੀਕਲ ਕਾਲਜ 20 ਏਕੜ ਰਕਬੇ ਵਿੱਚ ਬਣੇਗਾ ਅਤੇ ਇਸ ਪ੍ਰਾਜੈਕਟ ਉਤੇ ਕੁੱਲ 428.69 ਕਰੋੜ ਰੁਪਏ ਦੀ ਲਾਗਤ ਆਵੇਗੀ।

ਮੁੱਖ ਮੰਤਰੀ ਨੇ ਉਮੀਦ ਜਾਹਰ ਕੀਤੀ ਕਿ ਨਵਾਂ ਮੈਡੀਕਲ ਕਾਲਜ ਇਲਾਜ ਅਤੇ ਜਾਂਚ ਸਹੂਲਤਾਂ ਨੂੰ ਵੱਡਾ ਹੁਲਾਰਾ ਦੇਵੇਗਾ। ਉਨ੍ਹਾਂ ਕਿਹਾ ਕਿ ਇਸ ਕਾਲਜ ਵਿੱਚ ਹੋਰਨਾਂ ਸੂਬਿਆਂ ਤੋਂ ਵੀ ਵੱਡੀ ਗਿਣਤੀ ਵਿੱਚ ਵਿਦਿਆਰਥੀ ਆਉਣਗੇ, ਇਸ ਲਈ 300 ਬਿਸਤਰਿਆਂ ਵਾਲੇ ਅਤਿ ਆਧੁਨਿਕ ਸਿਵਲ ਹਸਪਤਾਲ ਤੋਂ ਇਲਾਵਾ ਕਾਲਜ ਦੇ ਨਾਲ 10-12 ਮੰਜ਼ਿਲਾਂ ਵਾਲੇ ਅਤਿ ਆਧੁਨਿਕ ਹੋਸਟਲ ਦੀ ਵੀ ਉਸਾਰੀ ਕੀਤੀ ਜਾਵੇਗੀ। ਭਗਵੰਤ ਮਾਨ ਨੇ ਕਿਹਾ ਕਿ ਇਹ ਕਾਲਜ ਸਥਾਨਕ ਨੌਜਵਾਨਾਂ ਲਈ ਰੁਜਗਾਰ ਦੇ ਨਵੇਂ ਰਾਹ ਖੋਲ੍ਹੇਗਾ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਪੰਜਾਬ ਵਿੱਚ ਮੈਡੀਕਲ ਸਿੱਖਿਆ ਦੇ ਪਾਸਾਰ ਲਈ ਸੂਬਾ ਸਰਕਾਰ ਨੇ ਆਉਣ ਵਾਲੇ ਪੰਜ ਸਾਲਾਂ ਵਿੱਚ 16 ਨਵੇਂ ਮੈਡੀਕਲ ਕਾਲਜ ਬਣਾਉਣ ਦਾ ਫੈਸਲਾ ਕੀਤਾ ਹੈ ਜਿਸ ਨਾਲ ਸੂਬੇ ਵਿੱਚ ਮੈਡੀਕਲ ਕਾਲਜਾਂ ਦੀ ਕੁੱਲ ਗਿਣਤੀ 25 ਹੋ ਜਾਵੇਗੀ। ਇਸ ਨਾਲ ਇਹ ਯਕੀਨੀ ਬਣਾਇਆ ਜਾਵੇਗਾ ਕਿ ਸੂਬੇ ਦੇ ਹਰੇਕ ਜ਼ਿਲ੍ਹੇ ਵਿਚ ਇੱਕ ਮੈਡੀਕਲ ਕਾਲਜ ਸਥਾਪਤ ਹੋਵੇ। ਉਨ੍ਹਾਂ ਕਿਹਾ ਕਿ ਸੰਗਰੂਰ ਦੇ ਮਸਤੂਆਣਾ ਸਾਹਿਬ ਵਿਖੇ ਸੰਤ ਅਤਰ ਸਿੰਘ ਸਟੇਟ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ ਦਾ ਨੀਂਹ ਪੱਥਰ ਉਨ੍ਹਾਂ ਵੱਲੋਂ ਪਹਿਲਾਂ ਹੀ ਰੱਖਿਆ ਜਾ ਚੁੱਕਾ ਹੈ। ਭਗਵੰਤ ਮਾਨ ਨੇ ਅੱਗੇ ਕਿਹਾ ਕਿ ਕਪੂਰਥਲਾ ਅਤੇ ਹੁਸ਼ਿਆਰਪੁਰ ਵਿਖੇ ਦੋ ਹੋਰ ਮੈਡੀਕਲ ਕਾਲਜਾਂ ਦਾ ਕੰਮ ਵੀ ਛੇਤੀ ਹੀ ਸ਼ੁਰੂ ਹੋ ਜਾਵੇਗਾ।

# ਪੰਜਾਬ ਸਰਕਾਰ ਆਮ ਲੋਕਾਂ ਤੇ ਕਿਸਾਨਾਂ ਦੀ ਸਰਕਾਰ; ਸਾਰੇ ਫੈਸਲੇ ਲੋਕ ਹਿੱਤ 'ਚ ਕਰਾਂਗੇ: ਧਾਲੀਵਾਲ

### * ਰੈੱਡ ਨੋਟਿਸ ਮਾਮਲੇ ਨੂੰ ਵਾਪਸ ਲੈਣ ਦੇ ਹੁਕਮ; ਨੋਟੀਫਿਕੇਸ਼ਨ ਜਾਰੀ * ਪਰਾਲੀ ਦੇ ਪ੍ਰਬੰਧਨ ਲਈ ਬਦਲਵੇਂ ਢੰਗ ਅਪਣਾਉਣ ਦੀ ਲੋੜ 'ਤੇ ਦਿੱਤਾ ਜ਼ੋਰ

ਚੰਡੀਗੜ੍ਹ, 27 ਨਵੰਬਰ (ਪੋਸਟ ਬਿਊਰੋ)- 'ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਆਮ ਲੋਕਾਂ ਤੇ ਕਿਸਾਨਾਂ ਦੀ ਸਰਕਾਰ ਹੈ ਅਤੇ ਸਾਡੀ ਸਰਕਾਰ ਸਾਰੇ ਫੈਸਲੇ ਲੋਕ ਹਿੱਤ 'ਚ ਹੀ ਕਰਦੀ ਆ ਰਹੀ ਹੈ ਤੇ ਭਵਿੱਖ 'ਚ ਵੀ ਕਰਦੀ ਰਹੇਗੀ।'' ਇਹ ਪ੍ਰਗਟਾਵਾ ਕਰਦਿਆਂ ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਕਿਸੇ ਵੀ ਕਿਸਾਨ ਦਾ ਨੁਕਸਾਨ ਨਹੀਂ ਹੋਣ ਦੇਵੇਗੀ।

ਸ। ਧਾਲੀਵਾਲ ਨੇ ਕੇਂਦਰ ਸਰਕਾਰ ਵੱਲੋਂ ਸੂਬੇ ਦੇ ਕਿਸਾਨਾਂ ਨੂੰ ਪਰਾਲੀ ਸਾੜਨ ਲਈ ਜਾਰੀ ਰੈੱਡ ਨੋਟਿਸ ਮਾਮਲੇ ਨੂੰ ਵਾਪਸ ਲੈਣ ਦੇ ਹੁਕਮ ਜਾਰੀ ਕਰ ਦਿੱਤੇ ਹਨ ਅਤੇ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਕੇਂਦਰੀ ਅਦਾਰੇ ਨੈਸ਼ਨਲ ਗਰੀਨ ਟ੍ਰਿਬਿਊਨਲ (ਐਨ।ਜੀ।ਟੀ।) ਦੀਆਂ ਹਦਾਇਤਾਂ 'ਤੇ 4 ਅਕਤੂਬਰ, 2022 ਨੂੰ ਜਾਰੀ ਕੀਤੇ ਪੱਤਰ ਵਿੱਚ ਪਰਾਲੀ (ਪੈਡੀ ਸਟੱਬਲ) ਸਾੜਨ ਦੇ ਮਾਮਲੇ 'ਚ ਸਬੰਧਤ ਜ਼ਮੀਨ ਦੇ ਮਾਲ ਰਿਕਾਰਡ ਦੇ ਖਸਰਾ ਨੰਬਰ ਵਿਰੁੱਧ ਲਾਲ ਇੰਦਰਾਜ ਕਰਨ ਆਦਿ ਹੁਕਮਾਂ ਨੂੰ ਵਾਪਸ ਲੈ ਲਿਆ ਗਿਆ ਹੈ।ਇਸ ਸਬੰਧੀ ਸਬੰਧਤ ਸਮੂਹ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ।

ਸ। ਧਾਲੀਵਾਲ ਨੇ ਦੱਸਿਆ ਕਿ ਜ਼ਮੀਨਾਂ ਦੇ ਰਿਕਾਰਡ 'ਚ ਲਾਲ ਇੰਦਰਾਜ਼ ਹੋਣਾ ਸੂਬੇ ਦੇ ਕਿਸਾਨਾਂ ਦੇ ਹਿੱਤ 'ਚ ਨਹੀਂ। ਉਨ੍ਹਾਂ ਕਿਹਾ ਕਿ ਲਾਲ ਇੰਦਰਾਜ਼ ਹੋਣ ਨਾਲ ਕਿਸਾਨਾਂ ਨੇ ਲੋਨ, ਸਰਕਾਰੀ ਸਹੂਲਤਾਂ ਤੇ ਸਬਸਿਡੀਆਂ ਆਦਿ ਲੈਣ ਤੋਂ ਵਾਂਝੇ ਹੋ ਜਾਣਾ ਸੀ।

ਖੇਤੀਬਾੜੀ ਮੰਤਰੀ ਨੇ ਕਿਸਾਨਾਂ ਨੂੰ ਪਰਾਲੀ ਦੇ ਪ੍ਰਬੰਧਨ ਲਈ ਬਦਲਵੇਂ ਢੰਗ ਅਪਣਾਉਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਅਜੋਕੇ ਦੌਰ ਵਿੱਚ ਪਰਾਲੀ ਜਾਂ ਹੋਰ ਫਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨ ਮਗਰੋਂ ਹੋਣ ਵਾਲੇ ਨੁਕਸਾਨ ਤੋਂ ਬਚਣ ਦੇ ਉਪਾਵਾਂ ਦੇ ਸਨਮੁੱਖ ਬਿਹਤਰ ਢੰਗ ਅਪਣਾਉਣ ਦੀਆਂ ਕੋਸ਼ਿਸ਼ਾਂ 'ਚ ਸਰਕਾਰ ਦਾ ਸਾਥ ਦੇਣਾ ਅਤੀ ਜ਼ਰੂਰੀ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਦੌਰ 'ਚ ਵਾਤਾਵਰਣ ਦਾ ਪ੍ਰਦੂਸ਼ਤ ਹੋਣਾ ਵੱਡੀ ਆਲਮੀ ਸਮੱਸਿਆ ਹੈ ਅਤੇ ਇਸ ਸਬੰਧੀ ਲਾਜ਼ਮੀ ਤੌਰ 'ਤੇ ਕਦਮ ਚੁੱਕਣ ਦੀ ਜ਼ਰੂਰਤ ਹੈ।

ਕੈਬਨਿਟ ਮੰਤਰੀ ਨੇ ਪਰਾਲੀ ਦੇ ਪ੍ਰਬੰਧਨ ਦੇ ਬਦਲਵੇਂ ਢੰਗਾਂ ਬਾਰੇ ਗੱਲ ਕਰਦਿਆਂ ਅੱਗੇ ਕਿਹਾ ਕਿ ਭਾਰਤੀ ਖੇਤੀ ਖੋਜ ਸੰਸਥਾ ਨੇ ਪੂਸਾ ਨਾਮਕ ਬਾਇਓ-ਐਨਜ਼ਾਈਮ ਦੇ ਰੂਪ ਵਿੱਚ ਪਰਾਲੀ ਸਾੜਨ ਲਈ ਇੱਕ ਰੈਡੀਕਲ ਹੱਲ ਤਿਆਰ ਕੀਤਾ ਹੈ।ਉਨ੍ਹਾਂ ਕਿਹਾ ਕਿ ਜਦੋਂ ਛਿੜਕਾਅ ਕੀਤਾ ਜਾਂਦਾ ਹੈ, ਤਾਂ ਇਹ ਐਨਜ਼ਾਈਮ 20-25 ਦਿਨਾਂ ਵਿੱਚ ਪਰਾਲੀ ਨੂੰ ਨਸ਼ਟ ਕਰ ਦਿੰਦਾ ਹੈ ਅਤੇ ਇਸਨੂੰ ਖਾਦ ਵਿੱਚ ਬਦਲਦਾ ਹੈ, ਜਿਸ ਨਾਲ ਮਿੱਟੀ ਦੀ ਗੁਣਵੱਤਾ ਵਿੱਚ ਹੋਰ ਸੁਧਾਰ ਵੀ ਹੁੰਦਾ ਹੈ।ਉਨ੍ਹਾਂ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਪਰਾਲੀ ਸਾੜਨ ਦੀ ਚਲੀ ਆ ਰਹੀ ਪ੍ਰਥਾ, ਜਿਸ ਵਿੱਚ ਅਗਲੀ ਫਸਲ ਬੀਜਣ ਤੋਂ ਪਹਿਲਾਂ ਖੇਤਾਂ ਨੂੰ ਸਾਫ਼ ਕਰਨ ਲਈ ਪਰਾਲੀ ਨੂੰ ਅੱਗ ਲਗਾਈ ਜਾਂਦੀ ਹੈ, ਨੂੰ ਬਦਲਵੇਂ ਢੰਗ ਅਪਣਾਉਂਦਿਆਂ ਖਤਮ ਕਰਨਾ ਸਮੇਂ ਦੀ ਜ਼ਰੂਰਤ ਹੈ।

ਖੇਤੀਬਾੜੀ ਮੰਤਰੀ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਪਹਿਲਾਂ ਹੀ ਇਸ ਸੰਬੰਧੀ ਗੰਭੀਰ ਹੈ ਅਤੇ ਚਾਲੂ ਸਾਲ 'ਚ ਹੁਣ ਤਕ ਕਿਸਾਨਾਂ ਨੂੰ ਪਰਾਲ਼ੀ ਦੇ ਪ੍ਰਬੰਧਨ ਲਈ 19393 ਮਸ਼ੀਨਾਂ ਸਬਸਿਡੀ 'ਤੇ ਦਿੱਤੀਆਂ ਜਾ ਚੁੱਕੀਆਂ ਹਨ, ਜਦਕਿ ਪਿਛਲੇ ਚਾਰ ਸਾਲਾਂ ਦੌਰਾਨ ਕਿਸਾਨਾਂ ਨੂੰ 90433 ਮਸ਼ੀਨਾਂ ਦਿੱਤੀਆਂ ਗਈਆਂ ਸਨ। ਉਨ੍ਹਾਂ ਕਿਹਾ ਕਿ ਸੂਬੇ ਦੇ ਕਿਸਾਨਾਂ ਕੋਲ ਕੁਲ 109815 ਮਸ਼ੀਨਾਂ ਉਪਲੱਬਧ ਹਨ। ਉਨ੍ਹਾਂ ਦੱਸਿਆ ਕਿ 26 ਨਵੰਬਰ, 2022 ਦੀ ਸੈਟੇਲਾਈਟ ਜਾਣਕਾਰੀ ਅਨੁਸਾਰ ਸਾਲ 2020, 2021 ਅਤੇ 2022 ਦੌਰਾਨ 15 ਸਤੰਬਰ ਤੋਂ 26 ਨਵੰਬਰ ਤੱਕ ਕ੍ਰਮਵਾਰ 76619, 71122 ਅਤੇ 49876 ਆਦਿ ਅੱਗ ਲਗਾਉਣ ਦੇ ਮਾਮਲੇ ਦਰਜ਼ ਕੀਤੇ ਗਏ ਹਨ, ਜੋ ਕਿ ਪਿਛਲੇ ਸਾਲ ਨਾਲੋਂ 30 ਫੀਸਦੀ ਘੱਟ ਹੈ। ਉਨ੍ਹਾਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ 'ਤੇ ਆਉਣ ਵਾਲੇ ਖਰਚੇ ਦੇ ਬਰਾਬਰ ਸਹਾਇਤਾ ਦੇਵੇ ਤਾਂ ਇਸ ਸਮੱਸਿਆ ਤੋਂ ਪੱਕੇ ਤੌਰ 'ਤੇ ਨਿਜਾਤ ਪਾਉਣੀ ਸੰਭਵ ਹੋ ਸਕੇਗੀ।

# ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਹਲਾਕ, 2 ਜ਼ਖ਼ਮੀ

ਬਰੈਂਪਟਨ, 27 ਨਵੰਬਰ (ਪੋਸਟ ਬਿਊਰੋ) : ਬਰੈਂਪਟਨ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਜਦਕਿ ਦੋ ਹੋਰ ਰਾਹਗੀਰ ਜ਼ਖ਼ਮੀ ਹੋ ਗਏ।




ਸ਼ੁੱਕਰਵਾਰ ਸਵੇਰੇ 6:00 ਵਜੇ ਪੀਲ ਪੁਲਿਸ ਨੂੰ ਹੈਰੀਟੇਜ ਰੋਡ ਤੇ ਸਟੀਲਜ਼ ਐਵਨਿਊ ਸੱਦਿਆ ਗਿਆ। ਇੱਕ ਰਾਹਗੀਰ ਨੂੰ ਤਾਂ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਇੱਕ ਲੜਕੀ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਇਸ ਇੰਟਰਸੈਕਸ਼ਨ ਨੂੰ ਹਾਲ ਦੀ ਘੜੀ ਬੰਦ ਕਰ ਦਿੱਤਾ ਗਿਆ ਹੈ, ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9



ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com



ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca



ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com



ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਭਰੋਸੇ ਦੀ ਬਹਾਲੀ

-ਦਰਸ਼ਨ ਸਿੰਘ-

ਸਮਾਂ ਬੜੀ ਤੇਜ਼ੀ ਨਾਲ ਬਦਲ ਰਿਹਾ ਹੈ। ਮਨੁੱਖੀ ਸੂਝ-ਸਿਆਣਪਾਂ ਨੇ ਆਰਾਮ ਦਾਇਕ ਜੀਵਨ ਸ਼ੈਲੀ ਲਈ ਕਈ ਸਹੂਲਤਾਂ ਖੋਜੀਆਂ ਹਨ। ਜ਼ਿੰਦਗੀ ਦੇ ਰੁਝੇਵੇਂ ਵਧਣ ਨਾਲ ਸੁਭਾਅ ਵੀ ਬਦਲੇ ਹਨ, ਆਦਤਾਂ ਵੀ। ਵਿਸ਼ਵਾਸ ਅਤੇ ਭਰੋਸੇ ਮਨਫੀ ਹੋਏ ਹਨ। ਮਨ ਚਿੰਤਾ, ਫਿਕਰ, ਬੇਚੈਨੀ, ਤਣਾਓ ਅਤੇ ਕਾਹਲ ਨਾਲ ਭਰੇ ਹਨ। ਪਿੱਛੇ ਜਿਹੇ ਬੈਂਕ ਅਤੇ ਬਾਜ਼ਾਰ ਦੇ ਜ਼ਰੂਰੀ ਕੰਮ ਨਜਿੱਠ ਕੇ ਮੈਂ ਗੁਰਦੁਆਰੇ ਮੱਥਾ ਟੇਕਣ ਗਿਆ। ਹਰ ਥਾਂ ਸਭ ਵਾਂਗ ਮੈਂ ਕੈਮਰੇ ਦੀਆਂ ਨਜ਼ਰਾਂ ਵਿੱਚ ਸੀ। ਮੇਰੇ ਅੰਦਰ ਕਈ ਸੁਆਲ ਉਠਣੇ ਸੁਭਾਵਿਕ ਸਨ। ਸੋਚਾਂ ਵਿੱਚ ਸੀ ਕਿ ਮਨੁੱਖ ਦਾ ਸੁਭਾਅ ਕਦੋਂ ਤੋਂ ਸ਼ੱਕੀ ਹੋ ਗਿਆ ਹੈ? ਬੇਵਿਸ਼ਵਾਸੀ ਅਤੇ ਬੇਭਰੋਸਗੀ ਨੇ ਕਦੋਂ ਜ਼ਿੰਦਗੀ ਵਿੱਚ ਪੈਰ ਪਸਾਰ ਲਏ? ਮਨੁੱਖ ਇੱਕ ਦੂਜੇ ਲਈ ਬੇਇਤਬਾਰਾ ਜਿਹਾ ਕਿਉਂ ਤੇ ਕਦੋਂ ਹੋ ਗਿਆ? ਯਕੀਨ ਨਾਲ ਕਹਿਣਾ ਔਖਾ ਹੈ, ਪਰ ਹਰ ਪਾਸੇ ਮਨੁੱਖ ਬੇਭਰੋਸਗੀ ਦੇ ਦਿਨ ਰਾਤ ਜੀਅ ਰਿਹਾ ਹੈ। ਘਰਾਂ ਦੇ ਬੂਹਿਆਂ ਨੂੰ ਲੱਗੇ ਕੁੰਡੇ-ਜੰਦਰੇ ਤੇ ਪਹਿਰੇਦਾਰੀਆਂ ਬੰਦੇ ਦੇ ਬੰਦੇ ਵਿੱਚ ਘਟੇ ਵਿਸ਼ਵਾਸ ਦਾ ਪ੍ਰਗਟਾਵਾ ਹਨ। ਭਰੇ ਬਾਜ਼ਾਰ ਵਿੱਚੋਂ ਲੰਘਦਿਆਂ ਮੈਂ ਸਜੀਆਂ-ਧਜੀਆਂ ਦੁਕਾਨਾਂ ਤੇ ਸ਼ੋਅ ਰੂਮ ਬੜੀ ਰੀਝ ਨਾਲ ਦੇਖੇ। ਅੰਦਰ ਬਾਹਰ ਬੜੀ ਰੌਣਕ ਅਤੇ ਚਹਿਲ ਪਹਿਲ ਸੀ। ਬੇਭਰੋਸਗੀ ਦਾ ਆਲਮ ਮੈਂ ਇੱਥੇ ਵੀ ਸਿਖਰ ਉਤੇ ਮਹਿਸੂਸ ਕੀਤਾ। ਖਰੀਦਦਾਰੀ ਕਰਦੇ ਲੋਕਾਂ ਦੀਆਂ ਅੱਖਾਂ ਵਿੱਚ ਇਹੋ ਸ਼ੱਕ ਸੀ ਕਿ ਇੱਥੇ ਕੋਈ ਖੁਰਾਕ ਪਦਾਰਥ 'ਅਸਲ' ਵੀ ਵਿਕਦਾ ਹੈ? ਖਾਈਏ ਤਾਂ ਕੀ? ਭਰੋਸਾ ਗੁਆ ਚੁੱਕੇ ਬਾਜ਼ਾਰਾਂ ਦੇ ਪੱਲੇ ਬਚਿਆ ਵੀ ਕੀ ਹੈ? ਦੁਬਿਧਾ ਹਰ ਮਨ ਵਿੱਚ ਹੈ। ਰੋਗੀਆਂ ਨੂੰ ਡਾਕਟਰਾਂ ਉੱਤੇ, ਗਾਹਕਾਂ ਨੂੰ ਦੁਕਾਨਦਾਰਾਂ ਉੱਤੇ, ਪਾੜ੍ਹਿਆਂ ਨੂੰ ਅਧਿਆਪਕਾ ਉੱਤੇ ਅਤੇ ਮਾਪਿਆਂ ਨੂੰ ਆਪਣੇ ਜਾਏ 'ਕਾਕਿਆਂ' ਉਪਰ ਜਿਵੇਂ ਕੋਈ ਭਰੋਸਾ ਨਾ ਰਿਹਾ ਹੋਵੇ। ਰਿਸ਼ਤੇਦਾਰੀਆਂ ਅਤੇ ਨੇੜਲਿਆਂ ਵਿੱਚ 'ਭਾਨੀ ਮਾਰਨ' ਦੇ ਡਰ ਕਾਰਨ ਮਨ ਦੀਆਂ ਸਾਂਝੀਆਂ ਕਰਨ ਯੋਗ ਗੱਲਾਂ ਮਨ ਵਿੱਚ ਲੁਕਾ ਕੇ ਰੱਖੀਆਂ ਜਾਂਦੀਆਂ ਹਨ।

ਪਹਿਲੇ ਸਮੇਂ ਵਿੱਚ ਮਨ ਗੂੜ੍ਹੇ ਵਿਸ਼ਵਾਸਾਂ ਨਾਲ ਭਰੇ ਹੁੰਦੇ ਸਨ। ਇੱਕ ਵਾਰ ਮੇਰੇ ਪਾਪਾ ਜੀ ਨੂੰ ਗੁਆਂਢੀ ਨੇ ਕਿਹਾ, "ਦੀਪੋ ਨੂੰ ਤੁਹਾਡੇ ਕੋਲ ਛੱਡ ਚੱਲਿਆਂ, ਭਲਕੇ ਮੁੜ ਆਵਾਂਗੇ।" ਨਾ ਚਿੰਤਾ, ਨਾ ਖੌਫ। ਦੋ ਦਿਨ ਦੀਪੋ ਸਾਡੇ ਘਰ ਰਹੀ। ਬੇਫਿਕਰ ਹੋਏ ਉਸ ਦੇ ਮਾਪਿਆਂ ਤੋਂ ਕਿਤੇ ਵੱਧ ਜ਼ਿੰਮੇਵਾਰੀ ਦਾ ਅਹਿਸਾਸ ਤੇ ਫਿਕਰ ਮੇਰੇ ਮਾਪਿਆਂ ਨੂੰ ਸੀ। ਜ਼ਿੰਮੇਵਾਰੀਆਂ ਕੀ ਹੁੰਦੀਆਂ ਤੇ ਕਿਵੇਂ ਨਿਭਾਈਆਂ ਜਾਂਦੀਆਂ ਹਨ, ਇਹ ਗੱਲਾਂ ਤੇ 'ਗੁਰ' ਨਿੱਕੇ ਹੁੰਦੇ ਹੀ ਮੇਰੀ ਸੋਚ ਦਾ ਹਿੱਸਾ ਬਣ ਗਏ।

ਜ਼ਿੰਦਗੀ ਤਰ੍ਹਾਂ ਤਰ੍ਹਾਂ ਦੇ ਭਰੋਸਿਆਂ ਤੇ ਵਿਸ਼ਵਾਸਾਂ ਦੇ ਸਹਾਰੇ ਅਗਾਂਹ ਤੁਰਦੀ ਹੈ। ਮੋਹ-ਪਿਆਰ, ਉਮਰਾਂ ਦੇ ਰਿਸ਼ਤੇ ਤੇ ਵਪਾਰ ਦਾ ਧੁਰਾ ਇਹੋ ਹਨ। ਇਹ ਭਰੋਸੇ ਸਦਾ ਰਹਿਣੇ ਚਾਹੀਦੇ ਹਨ, ਪਰ ਟੁੱਟਦੇ ਤੇ ਜ਼ਖਮੀ ਹੋਏ ਵਿਸ਼ਵਾਸਾਂ ਨਾਲ ਮਨ ਨੂੰ ਬੜੀ ਚੋਟ ਤੇ ਸੱਟ ਲੱਗਦੀ ਹੈ। ਕਦੀ ਕਦੀ ਮੈਂ ਸਹਿਮੀ ਹੋਈ ਯਾਦ ਨਾਲ ਸਹਿਮ ਕੇ ਉਠ ਬੈਠਦਾ ਹਾਂ। ਜਦੋਂ ਪੰਜਾਬ ਦੇ ਹਾਲਾਤ ਠੀਕ ਨਹੀਂ ਸਨ, ਉਨ੍ਹੀਂ ਦਿਨੀਂ ਮੈਂ ਮਾਂ ਨੂੰ ਮਿਲਣ ਪਿੰਡ ਗਿਆ। ਰੀਝ ਨਾਲ ਧੋਤੀ ਤੇ ਸਾਫ ਕੀਤੀ ਕਣਕ ਪਿਹਾ



ਕੇ ਪੰਜ ਕੁ ਕਿਲੋ ਆਟਾ ਮਾਂ ਨੇ ਦਿੱਤਾ। ਇਸ ਵਿੱਚ ਮਾਂ ਦੀਆਂ ਅਸੀਸਾਂ, ਸਨੇਹ ਤੇ ਸੁੱਚੀਆਂ ਮੋਹ-ਭਿੱਜੀਆਂ ਭਾਵਨਾਵਾਂ ਸਨ। ਗੁਆਂਢੀ ਰਾਜ ਵਿੱਚ ਬਸ ਦਾਖਲ ਹੁੰਦੇ ਸਾਰ ਇੱਕ ਪੁਲਸ ਵਾਲਾ ਸਵਾਰੀਆਂ ਤੇ ਉਨ੍ਹਾਂ ਦਾ ਨਿੱਕ-ਸੁੱਕ ਚੈੱਕ ਕਰਨ ਲੱਗਾ।

"ਇਸ ਵਿੱਚ ਕੀ ਹੈ?"

"ਆਟਾ।" ਉਸ ਦੇ ਵੱਡੇ ਸੁਆਲ ਦਾ ਮੈਂ ਨਿੱਕਾ ਜਿਹਾ ਜਵਾਬ ਦਿੱਤਾ। "ਕਿੱਥੇ ਜਾਣਾ ਹੈ?" ਉਸ ਦੇ ਅਗਲੇ ਸੁਆਲ ਦੇ ਜਵਾਬ ਵਿੱਚ ਮੈਂ ਆਪਣੇ ਥਾਂ-ਟਿਕਾਣੇ ਦਾ ਪਤਾ ਦੱਸਿਆ। ਸਵਾਲ ਦਰ ਸਵਾਲ ਪਿੱਛੋਂ ਥੋੜ੍ਹਾ ਕੁ ਆਟਾ ਆਪਣੀ ਹਥੇਲੀ ਉੱਤੇ ਰੱਖਦਿਆਂ ਉਹ ਇਸ ਨੂੰ ਡਰ ਡਰ ਕੇ ਸੁੰਘਣ ਲੱਗਾ। ਮੇਰੀ ਹਰ ਦਲੀਲ ਉਸ ਅੱਗੇ ਬੇਅਸਰ ਹੋ ਕੇ ਦਮ ਤੋੜ ਰਹੀ ਸੀ। ਚੰਗੀ ਗੱਲ ਸੀ ਕਿ ਉਹ ਆਪਣੀ ਡਿਊਟੀ ਨਿਭਾ ਰਿਹਾ ਸੀ, ਪਰ ਉਸ ਦੀਆਂ ਘੂਰੀ ਵੱਟਦੀਆਂ ਤੇ ਮੇਰੇ ਪ੍ਰਤੀ ਬੇਭਰੋਸਗੀ ਭਰੀ ਅੱਖਾਂ ਦੀ ਤੱਕਣੀ ਵਿੱਚ ਫੈਲਿਆ ਸ਼ੱਕ ਮੈਨੂੰ ਅੰਦਰੋ-ਅੰਦਰੀ ਦੁਖੀ ਤੇ ਅਪਮਾਨਿਤ ਕਰ ਰਿਹਾ ਸੀ। ਸਮਾਜ ਵਿੱਚ ਬੇਭਰੋਸਗੀ ਇੰਨੀ ਵਧ ਗਈ ਕਿ ਕਈ ਵਾਰ 'ਸੱਚ' ਵੀ ਸ਼ੱਕ ਦੇ ਘੇਰੇ ਵਿੱਚ ਆ ਗਿਆ ਮਹਿਸੂਸ ਹੁੰਦਾ ਹੈ।

ਸਵੈ-ਵਿਸ਼ਵਾਸ ਦੀ ਗੱਲ ਅਕਸਰ ਕਹੀ ਸੁਣੀ ਜਾਂਦੀ ਹੈ। ਸਵੈ ਵਿਸ਼ਵਾਸ ਆਪਣੇ ਆਪ ਨੂੰ ਤਾਕਤ ਬਖਸ਼ਦੇ ਹਨ, ਪਰ ਜਦੋਂ ਆਪਣੇ ਅੰਦਰੋਂ ਸਵੈ-ਵਿਸ਼ਵਾਸ ਮਨਫੀ ਹੋ ਜਾਵੇ ਤਾਂ ਉਦੋਂ ਉੱਚੇ ਲੰਮੇ ਕਦ ਕਾਠ ਵੀ ਬੌਣੇ ਹੋ ਜਾਂਦੇ ਹਨ। ਇੱਕ ਵਾਰ ਇੱਕ ਸਕੂਲ ਅਧਿਆਪਕ ਕਿਸੇ ਕੰਮ ਕਾਲਜ ਗਿਆ। ਸਬੱਬੀ ਉਸ ਨੂੰ ਉਥੇ ਇੱਕ ਵਿਦਿਆਰਥੀ ਮਿਲਿਆ ਜਿਸ ਨੂੰ ਉਸ ਨੇ ਪੰਜ ਸਾਲ ਪੜ੍ਹਾਇਆ ਸੀ। ਉਸ ਨੇ ਵਿਦਿਆਰਥੀ ਨੂੰ ਪੁੱਛਿਆ, "ਸੁਣਾ ਬਈ, ਇੱਥੇ ਕਿਵੇਂ?" ਵਿਦਿਆਰਥੀ ਪਹਿਲਾਂ ਕੁਝ ਝਿਜਕਿਆ। ਫਿਰ ਸ਼ਰਮਾਉਂਦੇ ਹੋਏ ਕਹਿਣ ਲੱਗਾ, "ਜੀ, ਇੱਥੇ ਭੁੱਜੇ ਹੋਏ ਛੋਲੇ ਵੇਚਦਾ ਹਾਂ।" ਉਸ ਦੀ ਗੱਲ ਸੁਣ ਕੇ ਅਧਿਆਪਕ ਨੇ ਮੁਸਕਰਾਉਂਦੇ ਕਿਹਾ, "ਮੈਂ ਵੀ ਹੈਰਾਨ ਸਾਂ ਕਿ ਸਾਡੇ ਪੜ੍ਹਾਏ ਹੋਏ ਕਾਲਜਾਂ ਵਿੱਚ ਕਿੱਥੋਂ ਭਲਾ?"

ਪੰਜੇ ਉਂਗਲਾਂ ਕਦੀ ਵੀ ਇੱਕ ਸਾਰ ਨਹੀਂ ਹੁੰਦੀਆਂ। 'ਧੀਏ ਆ ਗਏ ਨਿਹੰਗ, ਬੂਹਾ ਖੋਲ੍ਹ ਦੇ ਨਿਸ਼ੰਗ' ਜਿਹੇ ਭਰੋਸੇ ਅਜੇ ਵੀ ਜ਼ਿੰਦਾ ਹਨ। ਮੈਨੂੰ ਕਿਸੇ ਕਿਹਾ, "ਭਰੋਸਿਆਂ ਦਾ ਦੌਰ ਬੀਤੇ ਦੀ ਗੱਲ ਹੋ ਗਈ ਹੈ।" ਮੈਂ ਉਸ ਨੂੰ ਹੌਸਲਾ ਦਿੱਤਾ, "ਭਰੋਸਾ ਰੱਖੋ ਕਿ ਭਰੋਸੇਮੰਦ ਬੰਦੇ ਅਜੇ ਬਹੁਤ ਹਨ।" ਉਂਝ ਸੁਫਨਿਆਂ ਦੇ ਮਰ ਜਾਣ ਵਾਂਗ ਭਰੋਸਿਆਂ ਦਾ ਮਰ ਜਾਣਾ ਵੀ ਖਤਰਨਾਕ ਹੈ ਅਤੇ ਮਰ ਜਾਂ ਘੱਟ ਰਹੇ ਵਿਸ਼ਵਾਸਾਂ ਤੇ ਭਰੋਸਿਆਂ ਦੀ ਬਹਾਲੀ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ।

# ਮੋਬਾਈਲ ਉੱਤੇ ਸ਼ਨੀ ਦੀ ਸਾੜ੍ਹਸਤੀ

-ਸ਼ਰਦ ਉਪਾਧਿਆਏ-



ਸੱਚਮੁੱਚ ਬਹੁਤ ਬੁਰਾ ਹੋਇਆ। ਪ੍ਰਮਾਤਮਾ ਕਿਸੇ ਨਾਲ ਅਜਿਹਾ ਨਾ ਕਰੇ। ਇੰਨੀ ਖਰਾਬ ਕਿਸਮਤ। ਦਿਨ ਬਿਲਕੁਲ ਚੰਗੇ ਨਹੀਂ ਨਿਕਲ ਰਹੇ ਹਨ। ਪਤਾ ਨਹੀਂ ਕੀ ਹੋਵੇਗਾ।

ਸ਼ਨੀਵਾਰ ਸ਼ਾਮ ਅਚਾਨਕ ਲਗਭਗ ਅੱਠ ਵਜੇ ਮੇਰੇ ਮੋਬਾਈਲ ਦੀ ਤਬੀਅਤ ਖਰਾਬ ਹੋ ਗਈ, ਮੈਂ ਘਬਰਾ ਗਿਆ। ਦੇਖਿਆ, ਚਾਰਜਿੰਗ ਰੂਪੀ ਦਿਲ ਦੀ ਧੜਕਣ ਰੁਕ ਗਈ ਹੈ। ਫੁੱਲ ਚਾਰਜ ਕੀਤੀ ਬੈਟਰੀ ਵਿੱਚ ਚਾਲੀ ਫੀਸਦੀ ਆਕਸੀਜਨ ਬਚੀ ਸੀ। ਸੋਚਿਆ ਕਿਤੇ ਮੇਰਾ ਚਾਰਜਰ ਤਾਂ ਖਰਾਬ ਨਹੀਂ। ਮੈਂ ਭੱਜਿਆ, ਗੁਆਂਢੀਆਂ ਤੋਂ ਚਾਰਜਰ ਮੰਗ ਕੇ ਲਿਆਇਆ। ਕਈ ਸਾਲਾਂ ਤੋਂ ਉੱਚੀ ਨੱਕ ਕਾਰਨ ਕਿਸੇ ਤੋਂ ਇੱਕ ਕਿੱਲ ਤੱਕ ਵੀ ਨਹੀਂ ਮੰਗੀ ਸੀ, ਪਰ ਸਵਾਲ ਮੋਬਾਈਲ ਦੇ ਜੀਵਨ-ਮਰਨ ਦਾ ਸੀ, ਫਿਰ ਈਗੋ ਕਿਸ ਚੀਜ਼ ਦੀ। ਝੱਟ ਚਾਰਜਰ ਰੂਪੀ ਸਿਲੰਡਰ ਲਿਆ ਕੇ ਮੋਬਾਈਲ ਨੂੰ ਆਕਸੀਜਨ ਦੀ ਪਿਨ ਲਾ ਦਿੱਤੀ, ਪਰ ਇਹ ਕੀ, ਸਾਹ ਇਸ ਤੋਂ ਪਹਿਲਾਂ ਹੀ ਬੰਦ ਸਨ।

ਮੈਂ ਕਾਫੀ ਦੇਸੀ ਟੂਣੇ-ਟੋਟਕੇ ਅਜਮਾਏ। ਚਾਰਜਰ ਵਾਰ-ਵਾਰ ਲਾਇਆ, ਤਾਰ ਨੂੰ ਝਟਕਿਆ, ਉਸ ਦੀ ਦਿਲ ਰੂਪੀ ਬੈਟਰੀ ਨੂੰ ਦਬਾਇਆ, ਪਿਨ ਕਈ ਵਾਰ ਹਿਲਾਇਆ। ਹਾਂ, ਆਖਰੀ ਉਮੀਦ ਭਗਵਾਨ ਨੂੰ ਪ੍ਰਾਰਥਨਾ ਕੀਤੀ, ਪਰ ਹਾਲਾਤ ਜਿਉਂ ਦੇ ਤਿਉਂ ਸਨ। ਮੈਂ ਉਦਾਸ ਹੋ ਗਿਆ। ਇੱਕ ਤਾਂ ਮੋਬਾਈਲ ਗੰਭੀਰ ਅਤੇ ਉਪਰੋਂ ਸ਼ਨੀਵਾਰ ਰਾਤ ਦੀ ਸਾੜ੍ਹਸਤੀ। ਦੁਕਾਨਾਂ ਬੰਦ ਹੋ ਗਈਆਂ ਅਤੇ ਕੱਲ੍ਹ ਐਤਵਾਰ ਹੈ। ਹਾਲਾਤ ਸੋਮਵਾਰ ਤੋਂ ਪਹਿਲਾਂ ਨਾਰਮਲ ਨਹੀਂ ਹੋਣ ਵਾਲੇ ਸਨ। ਤੁਰੰਤ ਮਿਲ ਸਕਦੇ ਚੰਗੇ ਸਰਜਨ ਆਪਣੀ ਬੇਟੀ ਨੂੰ ਦਿਖਾਇਆ। ਉਸ ਨੇ ਭਰਪੂਰ ਕੋਸ਼ਿਸ਼ ਵੀ ਕੀਤੀ। ਅੱਜਕੱਲ੍ਹ ਦੇ ਬੱਚੇ ਜਨਮ ਜਾਤ ਪਰਮ ਮੋਬਾਈਲ ਮਾਹਰ ਹੁੰਦੇ ਹਨ। ਉਸ ਨੇ ਫੌਰਨ ਮੋਬਾਈਲ ਦੀ ਬੈਟਰੀ ਨੂੰ ਸੇਵ ਮੋਡ ਉੱਤੇ ਕਰ ਦਿੱਤਾ। ਸਾਹ ਕੁਝ ਦੇਰ ਹੋਰ ਵਧ ਸਕਦੇ ਸਨ।

ਰਾਤ ਨੀਂਦ ਨਾ ਆਈ। ਸਵੇਰੇ ਉਠਿਆ ਤਾਂ ਮੋਬਾਈਲ ਦੇ ਸਾਹ ਚੱਲਦੇ ਸਨ, ਪਰ ਕਿੰਨੀ ਦੇਰ, ਇਹ ਪ੍ਰਮਾਤਮਾ ਹੀ ਜਾਣਦਾ ਸੀ। ਮੈਂ ਨੈਟ ਆਨ ਕੀਤਾ। ਵਾਟਸਐਪ ਚਹਿਕਣ ਲੱਗਾ। ਫੇਸਬੁੱਕੀ ਖੂਬਸੂਰਤੀ ਮੁਸਕਰਾਉਣ ਲੱਗੀ। ਇੰਸਟਾ ਫੁੱਲ ਖਿੜਨ ਲੱਗੇ। ਮੈਂ ਸਵਰਗ ਵਿੱਚ ਆ ਪੁੱਜਾ, ਪ੍ਰੰਤੂ ਤੇਜ਼ੀ ਨਾਲ ਮੋਬਾਈਲ ਦੀ ਬੈਟਰੀ ਦਾ ਆਕਸੀਜਨ ਲੈਵਲ ਡਿੱਗਣ ਲੱਗਾ। ਦੁੱਖ ਦੀ ਘੜੀ ਸੀ। ਮੋਬਾਈਲ ਦੇ ਸਾਹ ਕਿਸੇ ਵੀ ਸਮੇਂ ਟੁੱਟ ਸਕਦੇ ਸਨ। ਮੈਂ ਸਾਰੇ ਜਾਣ-ਪਛਾਣ ਵਾਲਿਆਂ ਨੂੰ ਦੱਸਣ ਦਾ ਫੈਸਲਾ ਲਿਆ। ਸਭ ਨਾਲ ਗੱਲ ਕੀਤੀ। ਸਾਰੇ ਲੋਕ ਬਹੁਤ ਭਾਵੁਕ ਹੋ ਗਏ। ਕਿਵੇਂ ਜੀਅ ਸਕੋਗੇ।

ਕਹਿੰਦੇ ਹਨ ਕਿ ਪ੍ਰਮਾਤਮਾ ਦੀ ਬਣਾਈ ਇਸੇ ਦੁਨੀਆ ਵਿੱਚ ਪ੍ਰਮਾਤਮਾ ਵੀ ਹੈ। ਇੱਕ ਭਗਵਾਨ ਰੂਪੀ ਪਿਆਰੇ ਮਿੱਤਰ ਨੇ ਇੱਕ ਮੋਬਾਈਲ ਮਕੈਨਿਕ ਦੇ ਬਾਰੇ ਨਾ ਕੇਵਲ ਦੱਸਿਆ, ਬਲਕਿ ਫੋਨ ਵੀ ਕਰ ਦਿੱਤਾ। ਉਹ ਛੁੱਟੀ ਦੇ ਬਾਵਜੂਦ ਆਪਣੇ ਘਰ ਵਿੱਚ ਫੋਨ ਨੂੰ ਦੇਖ ਲਵੇਗਾ। ਇਸ ਭਲੇ ਸੰਸਾਰ ਵਿੱਚ ਮੈਂ ਕੁਝ ਹੀ ਦੇਰ ਬਾਅਦ ਪ੍ਰਮਾਤਮਾ ਰੂਪੀ ਮਕੈਨਿਕ ਦੇ ਘਰ ਬੈਠਾ ਹੋਇਆ ਸੀ। ਮਕੈਨਿਕ ਨੇ ਕੰਮ ਸ਼ੁਰੂ ਹੀ ਕੀਤਾ, ਪਰ ਤਦ ਅੜਚਨ ਪੈਦਾ ਹੋ ਗਈ। ਅਚਾਨਕ ਹੀ ਉਨ੍ਹਾਂ ਦੀ ਪਤਨੀ ਪਰਦਾ ਹਟਾ ਕੇ ਸਾਹਮਣੇ ਪ੍ਰਕਟ ਹੋਈ। "ਇਹ ਛੁੱਟੀ ਵਾਲੇ ਦਿਨ ਵੀ ਘਰ ਉੱਤੇ ਦੁਕਾਨ ਲਾ ਕੇ ਬੈਠ ਗਏ। ਕੱਲ੍ਹ ਕਰਨਾ, ਅੱਜ ਡਾਕਟਰ ਤੋਂ ਟਾਈਮ ਲਿਆ ਹੋਇਆ ਹੈ।"

ਮੇਰੀ ਨਸਲ ਦੇ ਉਸ ਆਗਿਆਕਾਰੀ ਪਤੀ ਨੇ ਮੋਬਾਈਲ ਇੱਕ ਪਾਸੇ ਖਿਸਕਾ ਦਿੱਤਾ। "ਮੈਂ ਕਿਹੜਾ ਕਰ ਰਿਹਾ ਸੀ, ਇਹ ਤੇਰੇ ਭਰਾ ਦੇ ਮਿੱਤਰ ਪ੍ਰਤੀਕ ਨੇ ਭੇਜਿਆ ਹੈ।"

ਭਰਾ ਦਾ ਨਾਂਅ ਸੁਣ ਕੇ ਪਤਨੀ ਬੈਕਫੁਟ ਉੱਤੇ ਆਈ। "ਅੱਛਾ, ਪ੍ਰਤੀਕ ਭਰਾ ਜੀ ਨੇ ਭੇਜਿਆ ਹੈ? ਠੀਕ ਹੈ, ਕਰ ਦਿਓ। ਓ ਭਾਈ ਸਾਹਿਬ, ਮੇਰਰ ਕੋਈ ਆਏ ਤਾਂ ਇਨ੍ਹਾਂ ਨੂੰ ਬਿਲਕੁਲ ਚੰਗਾ ਨਹੀਂ ਲੱਗਦਾ।" ਮਕੈਨਿਕ ਨੇ ਫੌਰਨ ਮੋਬਾਈਲ ਹੱਥ ਵਿੱਚ ਲੈ ਲਿਆ। ਉਹ ਅੰਦਰ ਚਲੀ ਗਈ। ਉਸ ਦਿਨ ਮੈਂ ਪਰਮ ਗਿਆਨ ਪ੍ਰਾਪਤ ਕੀਤਾ। ਜਿੱਥੇ ਨਾਰੀ ਦੀ ਪੂਜਾ ਹੁੰਦੀ ਹੈ, ਉਥੇ ਦੇਵਤਾ ਵੱਸਦੇ ਹਨ। ਮਕੈਨਿਕ ਦੀ ਪਰਮ ਪਤਨੀ ਭਗਤੀ ਭਵ ਨੇ ਮੇਰੇ ਮੋਬਾਈਲ ਦੇ ਪ੍ਰਾਣ ਬਚਾ ਲਏ।

ਮੈਂ ਬਹੁਤ ਸੰਤੁਸ਼ਟ ਸੀ। ਮੈਂ ਦੁਬਾਰਾ ਮੋਬਾਈਲ ਨਾਲ ਜੁੜੀ ਆਪਣੀ ਦੁਨੀਆ ਵਿੱਚ ਸੀ।

## ਮਿਨੀ ਕਹਾਣੀਆਂ

### ਕਸਵੱਟੀ

ਮੁੰਡੇ ਦੇ ਵਿਆਹ ਦੇ ਤੀਜੇ ਦਿਨ ਬਿਮਲਾ ਤੇ ਰਮੇਸ਼ (ਪਤੀ-ਪਤਨੀ) ਨੇ ਅਲਮਾਰੀ ਵਿੱਚੋਂ ਇੱਕ ਨਵਾਂ ਬੈਗ ਕੱਢਿਆ ਤੇ ਉਸ ਬੈਗ ਵਿੱਚੋਂ ਸ਼ਗਨਾਂ ਵਾਲੇ ਸਾਰੇ ਲਿਫਾਫੇ ਬੈੱਡ ਉੱਤੇ ਢੇਰੀ ਕਰ ਲਏ ਤਾਂ ਕਿ ਆਪਣੇ ਪੁੱਤਰ ਸੋਨੂੰ ਦੇ ਵਿਆਹ ਵਿੱਚ ਆਏ ਸ਼ਗਨ ਦੇ ਲੇਖਾ ਜੋਖਾ ਕੀਤਾ ਜਾ ਸਕੇ। ਇਸ ਦੌਰਾਨ ਰਮੇਸ਼ ਨੇ ਲਿਫਾਫੇ ਵਿੱਚ ਆਏ ਸ਼ਗਨ ਦੀ ਰਕਮ ਨੂੰ ਇੱਕ ਕਾਪੀ ਉੱਤੇ ਨੋਟ ਕਰਨਾ ਸ਼ੁਰੂ ਕੀਤਾ। ਉਸ ਨੇ ਪੰਜ ਸੌ ਦਾ ਸ਼ਗਨ ਪਾਉਣ ਵਾਲਿਆਂ ਲਈ ਇੱਕ ਪੇਜ ਲਗਾਇਆ ਤੇ ਇਸ ਤੋਂ ਵੱਧ ਸ਼ਗਨ ਪਾਉਣ ਵਾਲਿਆਂ ਲਈ ਦੂਜਾ ਪੇਜ। ਪੰਜ ਸੌ ਤੋਂ ਘੱਟ ਸ਼ਗਨ ਪਾਉਣ ਵਾਲਿਆਂ ਲਈ ਕਾਪੀ ਦੇ ਅਖੀਰ ਵਿੱਚ ਇੱਕ ਅਲੱਗ ਪੇਜ ਲਾਇਆ। ਲਿਫਾਫਿਆਂ ਵਿੱਚ ਆਏ ਸ਼ਗਨ ਦੀ ਰਕਮ ਨੂੰ ਕਾਪੀ ਉੱਤੇ ਚਾੜ੍ਹਨ ਤੋਂ ਬਾਅਦ ਬਿਮਲਾ ਤੇ ਰਮੇਸ਼ ਸ਼ਗਨ ਪਾਉਣ ਵਾਲਿਆਂ ਸੰਬੰਧੀ ਆਪਸ ਵਿੱਚ ਗੱਲਬਾਤ ਕਰਨ ਲੱਗੇ।

ਕਾਫੀ ਦੇਰ ਤੱਕ ਦੋਵੇਂ ਰਿਸ਼ਤੇਦਾਰਾਂ ਤੇ ਹੋਰ ਮਿਲਣ ਜੁਲਣ ਵਾਲਿਆਂ ਵੱਲੋਂ ਪਾਏ ਸ਼ਗਨ ਉੱਤੇ ਬਹਿਸ ਕਰਦੇ ਰਹੇ। ਇਸ ਦੌਰਾਨ ਬਿਮਲਾ ਨੇ ਕਿਹਾ, 'ਮੈਂ ਸੋਚਿਆ ਅਗਲੀ ਵਾਰ ਜਦੋਂ ਅਸੀਂ ਆਪਣੇ ਮਿੰਟੂ ਦੇ ਵਿਆਹ ਦੀ ਰਿਸੈਪਸ਼ਨ ਰੱਖਣੀ ਹੈ ਤਾਂ ਜਿਹੜੇ ਲੋਕੀ ਪੰਜ ਸੌ ਤੋਂ ਘੱਟ ਸ਼ਗਨ ਪਾ ਕੇ ਗਏ ਹਨ, ਉਨ੍ਹਾਂ ਨੂੰ ਕਾਰਡ ਭੇਜਣ ਦੀ ਲੋੜ ਨਹੀਂ ਤੇ ਨਾ ਹੀ ਅਜਿਹੇ ਲੋਕਾਂ ਦੇ ਕਿਸੇ ਪ੍ਰੋਗਰਾਮ ਵਿੱਚ ਜਾਣ ਦੀ ਲੋੜ ਹੈ।' ਇਸ ਦੇ ਨਾਲ ਹੀ ਬਿਮਲਾ ਨੇ ਆਪਣੀ ਗੱਲ ਦੀ ਪ੍ਰੋੜਤਾ ਕਰਦਿਆਂ ਕਿਹਾ, "ਰਾਜਪੁਰੇ ਵਾਲੇ ਸ਼ਰਮਾ ਜੀ ਹੀ ਵੇਖ ਲਵੋ, ਮੈਂ ਉਨ੍ਹਾਂ ਦੀ ਧੀ ਦੇ ਵਿਆਹ ਵਿੱਚ ਪੂਰੇ ਗਿਆਰਾਂ ਸੌ ਪਾ ਕੇ ਆਈ ਸੀ, ਪਰ ਉਨ੍ਹਾਂ ਦੇ ਲਿਫਾਫੇ ਵਿੱਚੋਂ ਅੱਜ ਤਿੰਨ ਸੌ ਨਿਕਲਿਆ ਹੈ...।"

ਰਮੇਸ਼ ਨੇ ਗੱਲ ਅੱਗੇ ਤੋਰਦਿਆਂ ਕਿਹਾ, "ਉਹ ਲੁਧਿਆਣਾ ਵਾਲੇ ਅਰੋੜਾ ਜੀ ਵੇਖੋ, ਮੈਂ ਉਨ੍ਹਾਂ ਦੇ ਮੁੰਡੇ ਦੇ ਵਿਆਹ ਉੱਤੇ ਇਕੱਲਾ ਗਿਆ ਸੀ, ਪਰ ਸ਼ਗਨ ਦੇ ਪੂਰੇ ਸਵਾ ਪੰਜ ਸੌ ਪਾ ਕੇ ਆਇਆ ਸੀ। ਉਨ੍ਹਾਂ ਦਾ ਸਾਰਾ ਟੱਬਰ ਵਿਆਹ ਵਿੱਚ ਆਇਆ, ਪਰ ਲਿਫਾਫੇ ਵਿੱਚ ਕੇਵਲ ਚਾਰ ਸੌ ਨਿਕਲੇ ਹਨ।"

ਬਿਮਲਾ ਨੇ ਰਮੇਸ਼ ਨੂੰ ਇੱਕ ਫੈਸਲਾਕੁੰਨ ਅੰਦਾਜ਼ ਵਿੱਚ ਕਿਹਾ, "ਮਿੰਟੂ ਦੇ ਪਾਪਾ, ਮੈਂ ਕਹਿੰਦੀ ਹਾਂ ਕਿ ਅਜਿਹੇ ਲੋਕਾਂ ਨੂੰ ਅੱਗੇ ਤੋਂ ਕਿਸੇ ਵੀ ਪ੍ਰੋਗਰਾਮ ਵਿੱਚ ਸੱਦਣ ਦੀ ਲੋੜ ਨਈਂ, ਦਰਅਸਲ ਇਹ ਲੋਕ ਵਰਤਣ ਦੇ ਲਾਇਕ ਹੀ ਨਹੀਂ..."

-ਅੱਬਾਸ ਧਾਲੀਵਾਲ

*****

### ਬੰਦਾ

ਆਪਸ ਵਿੱਚ ਗੱਲਾਂ ਕਰਦੀਆਂ ਗੋਗੀ ਤੇ ਸ਼ਾਂਤੀ। "ਨੀਂ ਸ਼ਾਂਤੀ ਮੈਂ ਸੁਣਿਆ, ਸਵਰਨੋ ਬਹੁਤ ਬੀਮਾਰ ਹੋ ਗਈ।"

"ਨੀਂ ਨਹੀਂ, ਪਿਛਲੇ ਐਤਵਾਰ ਮਿਲੀ। ਮਣ ਮਣ ਸੁਰਖੀ ਲੱਗੀ ਸੀ, ਚੰਗੀ ਭਲੀ ਸੀ। ਉਸ ਨੂੰ ਕੀ ਹੋਇਆ? ਘਰ ਦਾ ਸਾਰਾ ਕੰਮ ਤਾਂ ਉਸ ਦਾ ਘਰ ਵਾਲਾ ਕਰਦੈ। ਉਹ ਤਾਂ ਟੌਹਰ ਸ਼ਕੀਨੀ ਲਾਈ ਰੱਖਦੀ ਏ। ਕੱਲਾ ਰੋਟੀ ਟੁਕ ਬਣਾਉਂਦੀ ਹੈ, ਉਹ ਵੀ ਟਾਈਮ ਨਾਲ ਨਹੀਂ। ਨੀਂ ਉਸ ਦੇ ਜਵਾਕ ਵੀ ਉਸੇ ਦੀ ਬੋਲੀ ਬੋਲਦੇ ਨੇ, ਉਹ ਵੀ ਪਿਉ ਨੂੰ ਕੁਝ ਨਹੀਂ ਸਮਝਦੇ। ਨੀਂ ਚੰਦਰੀ ਨੂੰ ਬੰਦਾ ਸਾਊ ਮਿਲ ਗਿਆ। ਨੀਂ ਉਹ ਵੀ ਨਿਰਾ ਗਊ। ਨੀਂ ਮੈਂ ਤਾਂ ਕਿਤੇ ਉਚੀ ਬੋਲਦਾ ਨਹੀਂ ਦੇਖਿਆ। ਨੀਂ ਕੁਆਰੇ ਹੁੰਦੇ ਨੂੰ ਪਹਿਲਾਂ ਪਿਉ ਨੇ ਪੂਰਾ ਵਾਹਿਆ। ਫਿਰ ਇਹ ਵਾਹੀ ਜਾਂਦੀ ਹੈ।"

"ਨੀਂ ਛੱਡ ਭੈਣੇ! ਆਪਾਂ ਕੀ ਲੈਣੈ। ਰੱਬ ਸਭ ਦਾ ਨਿਆਂ ਕਰਦੈ। ਉਸ ਦੀ ਲਾਠੀ ਵਿੱਚ ਆਵਾਜ਼ ਨਹੀਂ ਹੁੰਦੀ। ਨੀਂ ਕਿਸੇ ਸਾਊ ਬੰਦੇ ਨੂੰ ਨਾਜਾਇਜ਼ ਤੰਗ ਨਹੀਂ ਕਰੀਦਾ। ਬਾਕੀ ਬੰਦਾ ਤਾਂ ਬੰਦਾ ਬਣਾ ਕੇ ਰੱਖਣਾ ਚਾਹੀਦਾ ਹੈ।"

"ਠੀਕ ਕਿਹਾ ਭੈਣੇ, ਬੰਦੇ ਨੂੰ ਵੀ ਜਨਾਨੀ ਨੂੰ ਜਨਾਨੀ ਸਮਝਣਾ ਚਾਹੀਦੈ। ਫਿਰ ਹੀ ਪਰਵਾਰ ਚਲਦੈ।"

"ਨੀਂ ਭੈਣੇ, ਮੈਂ ਤਾਂ ਕਹਿੰਦੀ ਹਾਂ, ਜੋ ਕੰਮ ਉਹ ਜਨਾਨੀ ਨੂੰ ਕਰਨੇ ਚਾਹੀਦੇ ਹਨ। ਨੀਂ ਬੰਦਾ ਤਾਂ ਬੱਚਿਆਂ ਦੇ ਜਨਮ ਤੋਂ ਪੜ੍ਹਾਈ ਲਿਖਾਈ, ਵਿਆਹ ਸ਼ਾਦੀਆਂ ਤੇ ਘਰ ਬਾਰ ਬਣਾਉਣ ਤੱਕ ਸੋਚਦਾ ਹੈ। ਫਿਰ ਬੰਦੇ ਦੀ ਜ਼ਬਾਨ ਦਾ ਮੁੱਲ ਪੈਂਦੈ। ਜਨਾਨੀ ਤਾਂ ਜਨਾਨੀ ਹੁੰਦੀ ਹੈ। ਜਨਾਨੀ ਦਾ ਦਿਲ ਪਾਣੀ ਵਾਂਗੂੰ ਡੋਲਦਾ ਏ। ਨੀਂ ਬੰਦੇ ਬਿਨਾਂ ਕੀ ਜ਼ਿੰਦਗੀ।"

"ਨੀਂ ਚਲ ਛੱਡ ਭੈਣੇ, ਹੈਪੀ ਦਾ ਡੈਡੀ ਆਉਣ ਵਾਲਾ ਏ। ਘਰੇ ਨਾ ਦੇਖ ਕੇ ਗੁੱਸਾ ਹੋਊ।"

"ਨੀਂ ਗੁੱਸਾ ਕਿਉਂ ਹੋਊ।"

"ਨੀਂ ਉਹ ਵੀ ਤਾਂ ਬੰਦਾ ਏ।"

-ਸ਼ਿਵਨਾਥ ਦਰਦੀ

*****

### ਕਮਾਲ ਲੋਕਤੰਤਰ

ਸਮਾਜ ਸੇਵਕਾਂ ਵਿੱਚ ਗੁਰਕਮਾਲ ਸਿੰਘ ਦਾ ਨਾਂ ਹਮੇਸ਼ਾ ਅਗਲੀ ਕਤਾਰ ਵਿੱਚ ਰਹਿੰਦਾ ਸੀ। ਕਿਸੇ ਵੀ ਮੁਸੀਬਤ ਦਾ ਉਸ ਨੂੰ ਪਤਾ ਲੱਗਣਾ ਤਾਂ ਉਸ ਨੇ ਛੋਟਾ-ਵੱਡਾ ਦੇਖੇ ਬਿਨਾਂ ਮਦਦ ਕਰਨ ਪਹੁੰਚ ਜਾਣਾ। ਉਸ ਦੀ ਇਹ ਦਰਿਆ-ਦਿਲੀ ਤੇ ਚੜ੍ਹਾਈ ਦੇਖ ਕੇ ਰਾਜਨੀਤਕ ਪਾਰਟੀਆਂ ਉਸ ਨੂੰ ਆਪਣੇ ਵਲ ਖਿੱਚਣ ਦੀ ਕੋਸ਼ਿਸ਼ ਕਰਦੀਆਂ, ਪਰ ਉਹ ਹੱਥ ਜੋੜ ਕੇ ਮਨ੍ਹਾਂ ਕਰ ਦਿੰਦਾ। ਜਦੋਂ ਉਹ ਲੋਕਾਂ ਵਿੱਚ ਸੇਵਾ ਕਰਨ ਲਈ ਵਿਚਰਦਾ ਤਾਂ ਲੋਕਾਂ ਦੇ ਦੁੱਖ ਵੇਖ ਕੇ ਅਤੇ ਉਨ੍ਹਾਂ ਦੀ ਕਿਧਰੇ ਵੀ ਸੁਣਵਾਈ ਨਾ ਹੁੰਦੀ ਵੇਖ ਕੇ ਮਨ ਪਸੀਜ ਜਾਂਦਾ। ਆਖ਼ਰ ਲੋਕ ਮੰਗ ਨੂੰ ਦੇਖ ਕੇ ਉਸ ਨੇ ਇੱਕ ਪਾਰਟੀ ਦੀ ਮੈਂਬਰਸ਼ਿਪ ਲੈ ਲਈ। ਟਿਕਟ ਮਿਲਣ ਵਿੱਚ ਵੀ ਉਸ ਨੂੰ ਕੋਈ ਦਿੱਕਤ ਨਾ ਆਈ। ਪਾਰਟੀ ਦਫ਼ਤਰ ਤੋਂ ਗੁਰਕਮਾਲ ਨੂੰ ਇੱਕ ਹੋਟਲ ਵਿੱਚ ਕੁਝ ਕਾਰੋਬਾਰੀਆਂ ਨਾਲ ਵੋਟਾਂ ਦੇ ਸਬੰਧ ਵਿੱਚ ਮਿਲਣ ਲਈ ਕਿਹਾ ਗਿਆ। ਹੋਟਲ ਵਿੱਚ ਪਹੁੰਚਣ ਉੱਤੇ ਉਸ ਦਾ ਭਰਵਾਂ ਸਵਾਗਤ ਹੋਇਆ। ਉਥੇ ਬੈਠੇ ਹੋਏ ਲੋਕਾਂ ਨੂੰ ਉਸ ਨੇ ਪਾਰਟੀ ਨੂੰ ਵੋਟ ਪਾਉਣ ਦੀ ਅਪੀਲ ਕੀਤੀ ਤਾਂ ਉਸ ਦੀ ਗੱਲ ਸੁਣ ਕੇ ਇੱਕ ਕਾਰੋਬਾਰੀ ਨੇ ਕਿਹਾ, 'ਗੁਰਕਮਾਲ ਜੀ ਵੋਟਾਂ ਪਾਉਣ ਦਾ ਸਮਾਂ ਕਿਸ ਕੋਲ ਹੈ। ਤੁਸੀਂ ਇਹ ਦਸੋ ਬਈ ਪਾਰਟੀ ਫ਼ੰਡ ਕਿੰਨਾ ਚਾਹੀਦਾ ਹੈ। ਬਸ ਤੁਹਾਡੀ ਸਰਕਾਰ ਬਣਨ ਤੋਂ ਬਾਅਦ ਸਾਡੇ ਕਾਰੋਬਾਰੀ ਹਿਤਾਂ ਦਾ ਖ਼ਿਆਲ ਰੱਖਣਾ।'

ਗੁਰਕਮਾਲ ਨੂੰ ਉਸ ਬੰਦੇ ਦੀ ਪਛਾਣ ਆ ਗਈ ਕਿ ਇਹ ਉਹੀ ਕਾਰੋਬਾਰੀ ਹੈ ਜਿਸ ਦੀ ਫ਼ੈਕਟਰੀ ਦੇ ਪ੍ਰਦੂਸ਼ਣ ਨਾਲ ਲੋਕਾਂ ਦਾ ਉਜਾੜਾ ਪਹਿਲਾਂ ਹੀ ਹੋ ਚੁੱਕਾ ਹੈ। ਉਸ ਨੂੰ ਪਤਾ ਸੀ ਕਿ ਇਨ੍ਹਾਂ ਵਿੱਚ ਕੁਝ ਉਹ ਲੋਕ ਵੀ ਹਨ, ਜਿਨ੍ਹਾਂ ਉਤੇ ਗ਼ਬਨ ਅਤੇ ਪ੍ਰਦੂਸ਼ਣ ਦੇ ਕੇਸ ਚੱਲਦੇ ਹਨ। ਉਨ੍ਹਾਂ ਤੋਂ ਅਲਵਿਦਾ ਲੈ ਕੇ ਉਹ ਆਪਣੇ ਅਗਲੇ ਪੜਾਅ ਲਈ ਨੇੜਲੇ ਪਿੰਡ ਪਹੁੰਚਿਆ।

ਸੱਥ ਵਿੱਚ ਬੈਠੇ ਲੋਕਾਂ ਨੇ ਉਸ ਨੂੰ ਕਿਹਾ: 'ਗੁਰਕਮਾਲ ਵੋਟ ਤਾਂ ਅਸੀਂ ਤੈਨੂੰ ਹੀ ਪਾਉਣ ਜਾਵਾਂਗੇ, ਪਰ ਇਹ ਦਸ ਕਿ ਜਿਹੜੀਆਂ ਮੁਫ਼ਤ ਸਹੂਲਤਾਂ ਦਾ ਐਲਾਨ ਚੋਣਾਂ ਵੇਲੇ ਹੁੰਦਾ ਹੈ, ਉਹ ਸਾਡੇ ਤੱਕ ਪਹੁੰਚਣਗੀਆਂ ਵੀ ਜਾਂ ਕਾਗ਼ਜ਼ਾਂ ਵਿੱਚ ਦਮ ਤੋੜ ਜਾਣਗੀਆਂ?'

ਗੁਰਕਮਾਲ ਨੇ ਉਨ੍ਹਾਂ ਨਾਲ ਵਾਅਦਾ ਕੀਤਾ ਕਿ ਉਹ ਹਰ ਹੀਲੇ ਵਸੀਲੇ ਉਹ ਸਹੂਲਤਾਂ ਉਨ੍ਹਾਂ ਤੱਕ ਪੁਚਾਵੇਗਾ। ਉਥੋਂ ਨਿਕਲ ਕੇ ਉਹ ਸੋਚਣ ਲੱਗਾ ਕਿ ਇਹ ਕਿੱਦਾਂ ਦਾ ਲੋਕਤੰਤਰ ਹੈ ਜਿਹੜੇ ਹੱਥ ਧੁੱਪ, ਮੀਂਹ-ਕਣੀ ਨਾ ਵੇਖ ਕੇ ਲਾਈਨਾਂ ਵਿੱਚ ਖੜ ਕੇ ਸਰਕਾਰਾਂ ਨੂੰ ਚੁਣਦੇ ਨੇ ਉਹ ਮੁਫ਼ਤ ਦੀਆਂ ਜ਼ਰੂਰੀ ਸਹੂਲਤਾਂ ਨੂੰ ਤਰਸਦੇ ਹਨ ਅਤੇ ਜਿਨ੍ਹਾਂ ਨੇ ਵੋਟ ਨਹੀਂ ਪਾਉਣੀ ਉਹ ਦਸ ਦੇ ਸੌ ਕਰ ਕੇ ਮਲਾਈ ਖਾ ਰਹੇ ਹਨ।

-ਅਮ੍ਰਿਤ ਬਰਨਾਲਵੀ

*****

### ਜ਼ਿੰਮੇਵਾਰ ਨਾਗਰਿਕ

ਬਾਅਦ ਦੁਪਹਿਰ ਦਾ ਵੇਲਾ ਸੀ। ਮੈਂ ਦਫ਼ਤਰੋਂ ਘਰ ਆ ਰਿਹਾ ਸੀ। ਸੜਕ ਦੂਰ ਤੱਕ ਸੱਪ ਵਾਂਗ ਮੇਲਦੀ ਲੱਗ ਰਹੀ ਸੀ। ਮੋਟਰਸਾਈਕਲ ਉੱਤੇ ਬੈਠੇ ਨੂੰ ਹਵਾ ਦੇ ਫ਼ਰਾਟੇ ਆ ਰਹੇ ਸਨ। ਇੱਕ ਰਚਨਾਤਮਕ ਕੰਮ ਉੱਤੇ ਧਿਆਨ ਪਿਆ, ਜਿੱਥੇ ਕਿਸਾਨਾਂ ਵੱਲੋਂ ਕੀਟਨਾਸ਼ਕਾਂ ਅਤੇ ਨਦੀਨਨਾਸ਼ਕਾਂ ਵਾਲੇ ਖ਼ਾਲੀ ਪੈਕਟ ਫ਼ਾਲਤੂ ਸਮਝ ਕੇ ਇਧਰ-ਉਧਰ ਸੁੱਟੇ ਜਾਂਦੇ ਹਨ ਪਰ ਇਸ ਮੋਟਰ ਉੱਤੇ ਇਨ੍ਹਾਂ ਵਿੱਚ ਮਿੱਟੀ ਭਰ ਕੇ ਉਸ ਵਿੱਚ ਰੰਗ ਬਰੰਗੇ ਫੁੱਲ ਲਾਏ ਹੋਏ ਸਨ। ਰੂਹ ਨੂੰ ਸਕੂਨ ਮਿਲਿਆ। ਮੇਰੇ ਕੋਲੋਂ ਲੰਘਦੀ ਸਕੂਲ ਵੈਨ ਵਿੱਚੋਂ ਇੱਕ ਮਹਿੰਗੀ ਘੜੀ ਵਾਲੀ, ਸੁੰਦਰ ਕੱਪੜਿਆਂ ਵਾਲੀ, ਅੰਦਾਜ਼ਨ ਤੀਹ ਕੁ ਸਾਲ ਦੇ ਵਿਅਕਤੀ ਦੀ ਬਾਂਹ ਸ਼ੀਸ਼ ਵਿੱਚੋਂ ਬਾਹਰ ਨਿਕਲੀ। ਕੁਰਕੁਰਿਆਂ ਵਾਲਾ ਖ਼ਾਲੀ ਪੈਕਟ ਬਾਹਰ ਹਵਾ ਵਿੱਚ ਛੱਡ ਕੇ ਅੰਦਰ ਚਲੀ ਗਈ। ਬਾਂਹ ਵਾਲਾ ਸੁਰਖਰੂ ਹੋ ਗਿਆ। ਵੈਨ ਹੌਲੀ-ਹੌਲੀ ਅੱਖੋਂ ਓਹਲੇ ਹੋ ਗਈ। ਮੈਂ ਵੀ ਘਰ ਚਲਾ ਗਿਆ। ਚਾਹ ਦਾ ਕੱਪ ਵੀ ਹੱਥ ਵਿੱਚ ਆ ਗਿਆ। ਇੱਕ ਜ਼ਿੰਮੇਵਾਰ ਨਾਗਰਿਕ ਵਾਲਾ ਸਵਾਲ ਅਜੇ ਵੀ ਮਨ ਵਿੱਚ ਖਰੂਦ ਮਚਾ ਰਿਹਾ ਸੀ।

-ਕੇਵਲ ਧਰਮਪੁਰਾ

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

NATURAL HEALTH SOLUTIONS
Over 20 years Homeopathic/Holistic ways case solving experience

HOMEOPATHY / HOLISTIC ਵਿਧੀ ਰਾਹੀਂ ਬਿਮਾਰੀਆਂ ਦਾ ਇਲਾਜ ਕਰਨ ਦਾ 20 ਸਾਲ ਤੋਂ ਵੱਧ ਦਾ ਤਜੁਰਬਾ ।
ABDOMINAL, METABOLIC, SKIN ਅਤੇ ਬੱਚਿਆਂ ਨਾਲ ਸੰਬੰਧਿਤ ਬਿਮਾਰੀਆਂ ਜਿਵੇਂ ਕੇ ਭੁੱਖ ਨਾ ਲੱਗਣਾ ਅਤੇ PSYCOLOGICAL ਸੱਮਸਿਆਵਾਂ ਨੂੰ ਠੀਕ ਕਰਨ ਦਾ ਤਜੁਰਬਾ ।

ਜੇਕਰ ਕਿਤੋਂ ਹੋਰ ਇਲਾਜ ਨਹੀਂ ਹੋਇਆ ਤਾਂ ਸਾਡੇ ਨਾਲ ਸੰਪਰਕ ਕਰੋ –



ਤੁਹਾਡੀ ਭਾਸ਼ਾ ਬੋਲਦੇ – Hindi, Punjabi & English
ASHFAQ AHMAD (M.Sc.)
- Registered Ontario Homeopath
- Holistic Nutritionist
- Certified Herbalist

Phone: 647-779-5904
Address: 8 Camperdown Ave, Etobicoke.
Clinic hours: all appointment basis for client convenience

## ਮਹਾਰਾਸ਼ਟਰ ਦੇ ਨਾਗਪੁਰ 'ਚ ਰੇਲਵੇ ਫੁੱਟ ਉਵਰਬ੍ਰਿਜ ਦੀ ਸਲੈਬ ਡਿੱਗੀ, 4 ਗੰਭੀਰ ਜ਼ਖਮੀ



ਨਾਗਪੁਰ, 27 ਨਵੰਬਰ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਨਾਗ-ਪੁਰ 'ਚ ਰੇਲਵੇ ਸਟੇਸ਼ਨ 'ਤੇ ਫੁੱਟ ਉਵਰਬ੍ਰਿਜ ਦੀ ਸਲੈਬ ਅਚਾਨਕ ਡਿੱਗ ਗਈ। ਇਸ ਹਾਦਸੇ 'ਚ 4 ਲੋਕਾਂ ਦੇ ਗੰਭੀਰ ਜ਼ਖਮੀ ਹੋਣ ਦੀ ਸੂਚਨਾ ਹੈ। ਇਹ ਘਟਨਾ ਸ਼ਾਮ ਕਰੀਬ 5 ਵਜੇ ਚੰਦਰਪੁਰ ਦੇ ਬੱਲਰ ਸ਼ਾਹ ਸਟੇਸ਼ਨ 'ਤੇ ਵਾਪਰੀ।
ਫੁੱਟ ਉਵਰਬ੍ਰਿਜ ਦੀ ਸਲੈਬ ਡਿੱਗਣ ਕਾਰਨ ਸਾਰੇ ਯਾਤਰੀ ਰੇਲ ਪਟੜੀ 'ਤੇ ਉੱਪਰ ਤੋਂ ਹੇਠਾਂ ਡਿੱਗ ਗਏ। ਚਾਰ ਲੋਕ ਗੰਭੀਰ ਜ਼ਖਮੀ ਹਨ, ਜਿਨ੍ਹਾਂ ਨੂੰ ਚੰਦਰਪੁਰ ਰੈਫਰ ਕਰ ਦਿੱਤਾ ਗਿਆ ਹੈ। ਫੁੱਟ ਉਵਰਬ੍ਰਿਜ ਬਹੁਤ ਪੁਰਾਣਾ ਦੱਸਿਆ ਜਾਂਦਾ ਹੈ। ਜਿਸ ਸਮੇਂ ਇਹ ਹਾਦਸਾ ਹੋਇਆ ਉਸ ਸਮੇਂ ਉਨ੍ਹਾਂ ਪਟੜੀਆਂ 'ਤੇ ਕੋਈ ਰੇਲ ਗੱਡੀ ਨਹੀਂ ਚੱਲ ਰਹੀ ਸੀ। ਨਹੀਂ ਤਾਂ ਵੱਡਾ ਹਾਦਸਾ ਵਾਪਰ ਸਕਦਾ ਸੀ। ਰਿਪੋਰਟਾਂ ਮੁਤਾਬਕ ਫੁੱਟਬ੍ਰਿਜ 60 ਫੁੱਟ ਉੱਚਾ ਹੈ ਅਤੇ ਕਾਫੀ ਪੁਰਾਣਾ ਹੈ। ਇਹ ਪਲੇਟਫਾਰਮ ਨੰਬਰ ਇੱਕ ਅਤੇ ਦੋ ਨੂੰ ਜੋੜਦਾ ਹੈ।
ਰੇਲਵੇ ਦੇ ਬੁਲਾਰੇ ਸ਼ਿਵਾਜੀ ਸੁਤਾਰ ਨੇ ਦੱਸਿਆ, "ਸਾਰਿਆਂ ਨੂੰ ਮੁੱਢਲੀ ਸਹਾਇਤਾ ਤੋਂ ਬਾਅਦ ਸਿਵਲ ਹਸਪਤਾਲ ਭੇਜ ਦਿੱਤਾ ਗਿਆ ਹੈ। ਕਿਸੇ ਦੀ ਮੌਤ ਦੀ ਖ਼ਬਰ ਨਹੀਂ ਹੈ।" ਰੇਲਵੇ ਨੇ ਗੰਭੀਰ ਜ਼ਖ਼ਮੀਆਂ ਲਈ 1 ਲੱਖ ਰੁਪਏ ਅਤੇ ਮਾਮੂਲੀ ਜ਼ਖ਼ਮੀਆਂ ਲਈ 50,000 ਰੁਪਏ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ।

## ਕਸਟਮ ਵਿਭਾਗ ਨੇ ਦਿੱਲੀ ਹਵਾਈ ਅੱਡੇ 'ਤੇ 95 ਲੱਖ ਰੁਪਏ ਦਾ ਤਸਕਰੀ ਦਾ ਸੋਨਾ ਕੀਤਾ ਬਰਾਮਦ



ਨਵੀਂ ਦਿੱਲੀ, 27 ਨਵੰਬਰ (ਪੋਸਟ ਬਿਊਰੋ)- ਫੜੇ ਜਾਣ ਤੋਂ ਬਾਅਦ ਵੀ ਵਿਦੇਸ਼ਾਂ ਤੋਂ ਸੋਨਾ ਅਤੇ ਕੀਮਤੀ ਸਮਾਨ ਦੀ ਤਸਕਰੀ ਦੀਆਂ ਘਟਨਾਵਾਂ ਘੱਟ ਨਹੀਂ ਹੋ ਰਹੀਆਂ। ਕਸਟਮ ਵਿਭਾਗ ਨੇ ਦਿੱਲੀ ਹਵਾਈ ਅੱਡੇ 'ਤੇ 94 ਲੱਖ 80 ਹਜ਼ਾਰ 667 ਰੁਪਏ ਦਾ ਸੋਨਾ ਬਰਾਮਦ ਕੀਤਾ ਹੈ। ਕਸਟਮ ਅਧਿਕਾਰੀਆਂ ਨੇ ਦੋ ਮੁਲਜ਼ਮਾਂ ਅਮਿਤ ਭੰਡਾਰੀ ਅਤੇ ਸ਼ਿਆਮ ਸੁੰਦਰ ਚੁਗਾਨੀ ਨੂੰ ਗ੍ਰਿਫਤਾਰ ਕੀਤਾ ਹੈ। ਦੋਵੇਂ 24-25 ਨਵੰਬਰ ਦੀ ਰਾਤ ਨੂੰ ਦੁਬਈ ਤੋਂ ਭਾਰਤ ਆਏ ਸਨ।
ਦੱਸਿਆ ਗਿਆ ਹੈ ਕਿ ਜਦੋਂ ਅਮਿਤ ਭੰਡਾਰੀ ਅਤੇ ਸ਼ਿਆਮ ਸੁੰਦਰ ਚੁਗਾਨੀ ਗ੍ਰੀਨ ਚੈਨਲ ਨੂੰ ਪਾਰ ਕਰ ਰਹੇ ਸਨ ਤਾਂ ਉਨ੍ਹਾਂ ਦੇ ਬੈਗ 'ਚ ਕੋਈ ਸ਼ੱਕੀ ਚੀਜ਼ ਦਿਖਾਈ ਦਿੱਤੀ। ਬੈਗ ਦਾ ਐਕਸਰੇ ਕਰਨ 'ਤੇ 1 ਕਿਲੋ 849 ਗ੍ਰਾਮ ਸੋਨਾ ਬਰਾਮਦ ਹੋਇਆ। ਇਹ ਸੋਨੇ ਦੀ ਤਸਕਰੀ ਕੀਤੀ ਗਈ ਸੀ। ਜਿਸ ਤੋਂ ਬਾਅਦ ਕਸਟਮ ਵਿਭਾਗ ਨੇ ਫੌਰੀ ਕਾਰਵਾਈ ਕਰਦਿਆਂ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ।

## ਚੀਨ ਨੇ ਹਿੰਦ ਮਹਾਸਾਗਰ ਖੇਤਰ ਦੇ 19 ਦੇਸ਼ਾਂ ਨਾਲ ਕੀਤੀ ਪਹਿਲੀ ਬੈਠਕ, ਭਾਰਤ ਨੂੰ ਨਹੀਂ ਮਿਲਿਆ ਸੱਦਾ



ਬੀਜਿੰਗ, 27 ਨਵੰਬਰ (ਪੋਸਟ ਬਿਊਰੋ)- ਚੀਨ ਨੇ ਇਸ ਹਫਤੇ ਹਿੰਦ ਮਹਾਸਾਗਰ ਖੇਤਰ ਦੇ 19 ਦੇਸ਼ਾਂ ਨਾਲ ਬੈਠਕ ਕੀਤੀ, ਜਿਸ 'ਚੋਂ ਭਾਰਤ ਗੈਰਹਾਜ਼ਰ ਰਿਹਾ। ਹਾਲਾਂਕਿ ਸੂਤਰਾਂ ਦਾ ਕਹਿਣਾ ਹੈ ਕਿ ਇਸ ਬੈਠਕ 'ਚ ਭਾਰਤ ਨੂੰ ਸੱਦਾ ਨਹੀਂ ਦਿੱਤਾ ਗਿਆ ਸੀ। ਚੀਨ ਦੇ ਵਿਦੇਸ਼ ਮੰਤਰਾਲੇ ਨਾਲ ਜੁੜੇ ਸੰਗਠਨ ਚਾਈਨਾ ਇੰਟਰਨੈਸ਼ਨਲ ਡਿਵੈਲਪਮੈਂਟ ਕੋਆਪਰੇਸ਼ਨ ਏਜੰਸੀ (ਸੀ.ਆਈ.ਡੀ.ਸੀ.ਏ.) ਦੇ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ 21 ਨਵੰਬਰ ਨੂੰ ਵਿਕਾਸ ਸਹਿਯੋਗ 'ਤੇ ਚੀਨ-ਹਿੰਦ ਮਹਾਸਾਗਰ ਖੇਤਰੀ ਫੋਰਮ ਦੀ ਬੈਠਕ ਵਿਚ 19 ਦੇਸ਼ਾਂ ਨੇ ਹਿੱਸਾ ਲਿਆ।
ਬਿਆਨ ਵਿੱਚ ਕਿਹਾ ਗਿਆ ਹੈ ਕਿ ਇਹ ਮੀਟਿੰਗ ਯੂਨਾਨ ਸੂਬੇ ਦੇ ਕੁਨਮਿੰਗ ਵਿੱਚ "ਸਾਂਝਾ ਵਿਕਾਸ: ਸਮੁੰਦਰੀ ਆਰਥਿਕਤਾ ਦੇ ਦ੍ਰਿਸ਼ਟੀਕੋਣ ਤੋਂ ਸਿਧਾਂਤ ਅਤੇ ਤੌਰ ਤਰੀਕੇ" ਦੇ ਥੀਮ ਦੇ ਤਹਿਤ ਇੱਕ ਹਾਈਬ੍ਰਿਡ, ਸਿੱਧੇ-ਆਨਲਾਈਨ ਤਰੀਕੇ ਨਾਲ ਆਯੋਜਿਤ ਕੀਤੀ ਗਈ ਸੀ। ਇੰਡੋਨੇਸ਼ੀਆ, ਪਾਕਿ-ਸਤਾਨ, ਮਿਆਂਮਾਰ, ਸ਼੍ਰੀਲੰਕਾ, ਬੰਗਲਾਦੇਸ਼, ਮਾਲਦੀਵ, ਨੇਪਾਲ, ਅਫਗਾਨਿਸਤਾਨ, ਈਰਾਨ, ਓਮਾਨ, ਦੱਖਣੀ ਅਫਰੀਕਾ, ਕੀਨੀਆ, ਮੋਜ਼ਾਮਬੀਕ, ਤਨਜ਼ਾਨੀਆ, ਸੇਸ਼ੇਲਸ, ਮੈਡਾਗਾਸਕਰ, ਮਾਰੀਸ਼ਸ, ਜਿਬੂਤੀ ਅਤੇ ਆਸਟ੍ਰੇਲੀਆ ਸਮੇਤ 19 ਦੇਸ਼ਾਂ ਅਤੇ ਤਿੰਨ ਅੰਤਰਰਾਸ਼ਟਰੀ ਸੰਸਥਾਵਾਂ ਦੇ ਪ੍ਰਤੀਨਿਧਾਂ ਨੇ ਸ਼ਿਰਕਤ ਕੀਤੀ।
ਸੂਤਰਾਂ ਮੁਤਾਬਕ ਭਾਰਤ ਨੂੰ ਕਥਿਤ ਤੌਰ 'ਤੇ ਸੱਦਾ ਨਹੀਂ ਦਿੱਤਾ ਗਿਆ ਸੀ। ਪਿਛਲੇ ਸਾਲ, ਚੀਨ ਨੇ ਭਾਰਤ ਦੀ ਭਾਗੀਦਾਰੀ ਤੋਂ ਬਿਨਾਂ ਕੋਵਿਡ-19 ਵੈਕਸੀਨ ਸਹਿਯੋਗ 'ਤੇ ਕੁਝ ਦੱਖਣੀ ਏਸ਼ੀਆਈ ਦੇਸ਼ਾਂ ਨਾਲ ਬੈਠਕ ਕੀਤੀ ਸੀ। ਸੀ.ਆਈ.ਡੀ.ਸੀ.ਏ. ਦੀ ਅਗਵਾਈ ਲੁਉਝਾਉਹੋਈ, ਸਾਬਕਾ ਉਪ ਵਿਦੇਸ਼ ਮੰਤਰੀ ਅਤੇ ਭਾਰਤ ਵਿੱਚ ਰਾਜਦੂਤ ਕਰਦੇ ਹਨ। ਸੰਗਠਨ ਦੀ ਅਧਿਕਾਰਤ ਵੈੱਬਸਾਈਟ ਦੇ ਅਨੁਸਾਰ, ਝਾਉਹੋਈ ਸੀ.ਆਈ.ਡੀ.ਸੀ.ਏ. ਦੇ ਸੀ.ਪੀ.ਸੀ. (ਚੀਨ ਦੀ ਸੱਤਾਧਾਰੀ ਕਮਿਊਨਿਸਟ ਪਾਰਟੀ) ਲੀਡਰਸ਼ਿਪ ਗਰੁੱਪ ਦਾ ਸਕੱਤਰ ਹੈ।
ਸੀ.ਆਈ.ਡੀ.ਸੀ.ਏ. ਦੀ ਅਧਿਕਾਰਤ ਵੈੱਬਸਾਈਟ ਦੱਸਦੀ ਹੈ ਕਿ ਸੰਗਠਨ ਦਾ ਉਦੇਸ਼ ਵਿਦੇਸ਼ੀ ਸਹਾਇਤਾ ਲਈ ਰਣਨੀਤਕ ਦਿਸ਼ਾ-ਨਿਰਦੇਸ਼, ਯੋਜਨਾਵਾਂ ਅਤੇ ਨੀਤੀਆਂ ਨਿਰਧਾਰਤ ਕਰਨਾ, ਮੁੱਖ ਵਿਦੇਸ਼ੀ ਸਹਾਇਤਾ ਮੁੱਦਿਆਂ 'ਤੇ ਤਾਲਮੇਲ ਅਤੇ ਸਲਾਹ ਦੇਣਾ, ਵਿਦੇਸ਼ੀ ਸਹਾਇਤਾ ਨਾਲ ਸਬੰਧਤ ਮਾਮਲਿਆਂ ਵਿੱਚ ਦੇਸ਼ ਦੇ ਸੁਧਾਰਾਂ ਨੂੰ ਅੱਗੇ ਵਧਾਉਣਾ ਅਤੇ ਪ੍ਰਮੁੱਖ ਪ੍ਰੋਗਰਾਮਾਂ ਦੀ ਪਛਾਣ ਕਰਨਾ ਅਤੇ ਉਨ੍ਹਾਂ ਦੇ ਲਾਗੂ ਕਰਨ ਦਾ ਮੁਲਾਂਕਣ ਕਰਨਾ ਹੈ।

## ਝਾਂਸੀ ਵਿੱਚ ਸਾਬਕਾ ਵਿਧਾਇਕ ਦੀਪ ਨਰਾਇਣ ਸਿੰਘ ਯਾਦਵ ਦੀ ਡੇਢ ਅਰਬ ਦੀ ਜਾਇਦਾਦ ਜ਼ਬਤ

ਝਾਸੀ, 27 ਨਵੰਬਰ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਝਾਂਸੀ ਦੇ ਨਵਾਬਾਦ ਥਾਣੇ ਨੇ ਸਮਾਜਵਾਦੀ ਪਾਰਟੀ ਦੇ ਸਾਬਕਾ ਵਿਧਾਇਕ ਦੀਪ ਨਰਾਇਣ ਸਿੰਘ ਯਾਦਵ ਦੀ ਕਰੀਬ ਡੇਢ ਅਰਬ ਦੀ ਜਾਇਦਾਦ ਜ਼ਬਤ ਕਰ ਲਈ ਗਈ ਹੈ। ਜਾਣਕਾਰੀ ਮੁਤਾਬਕ ਸਮਾਜਵਾਦੀ ਪਾਰਟੀ ਦੇ ਸਾਬਕਾ ਵਿਧਾਇਕ ਦੀਪ ਨਰਾਇਣ ਸਿੰਘ ਯਾਦਵ ਬਦਨਾਮ ਅਪਰਾਧੀ ਲੇਖਰਾਜ ਨੂੰ ਪੁਲਸ ਹਿਰਾਸਤ 'ਚੋਂ ਰਿਹਾਅ ਕਰਵਾਉਣ ਦੇ ਦੋਸ਼ 'ਚ ਜੇਲ 'ਚ ਬੰਦ ਹਨ।
ਪੁਲੀਸ ਨੇ ਦੀਪ ਨਰਾਇਣ ਸਿੰਘ ਯਾਦਵ ਖ਼ਿਲਾਫ਼ ਪਹਿਲਾਂ ਵੀ ਦਰਜਨਾਂ ਕੇਸਾਂ ਵਿੱਚ ਗੈਂਗਸਟਰ ਕਾਰਵਾਈ ਕੀਤੀ ਹੈ। ਇਸੇ ਲੜੀ ਤਹਿਤ ਜ਼ਿਲ੍ਹਾ ਮੈਜਿਸਟਰੇਟ ਰਵਿੰਦਰ ਕੁਮਾਰ ਅਤੇ ਐਸਐਸਪੀ ਰਾਜੇਸ਼ ਐਸ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਮਾਲ ਵਿਭਾਗ ਅਤੇ ਨਵਾਬਾਦ ਪੁਲਸ ਦੀ ਟੀਮ ਨੇ ਇਲਾਕੇ ਵਿੱਚ ਪਹੁੰਚ ਕੇ ਧਮਾਕੇਦਾਰ ਐਲਾਨ ਕਰਦਿਆਂ ਸਾਬਕਾ ਵਿਧਾਇਕ ਦੀਪ ਨਰਾਇਣ ਦੀ ਐਕਵਾਇਰ ਕੀਤੀ ਜਾਇਦਾਦ ਨੂੰ ਜ਼ਬਤ ਕਰ ਲਿਆ।
ਸਾਬਕਾ ਵਿਧਾਇਕ ਦੀ ਕਾਰਗੁਜ਼ਾਰੀ, ਸਾਲਾਸਰ ਕਲੋਨੀ, ਮੂਨ ਸਿਟੀ ਅਤੇ ਹੋਰ ਸ਼ਨਾਖਤ ਕੀਤੀਆਂ ਕਰੀਬ ਡੇਢ ਅਰਬ ਦੀ ਜਾਇਦਾਦ ਕੁਰਕ ਕਰਨ ਦੀ ਕਾਰਵਾਈ ਕੀਤੀ ਗਈ ਹੈ। ਫਿਲਹਾਲ ਪੁਲਿਸ ਅਤੇ ਮਾਲ ਵਿਭਾਗ ਦੀ ਟੀਮ ਸਾਬਕਾ ਵਿਧਾਇਕ ਦੀ ਜਾਇਦਾਦ ਨੂੰ ਜ਼ਬਤ ਕਰਨ ਲਈ ਲਗਾਤਾਰ ਕਾਰਵਾਈ ਕਰ ਰਹੀ ਹੈ।

## ਉੱਤਰ ਪ੍ਰਦੇਸ਼ ਦੇ ਗਾਜ਼ੀਪੁਰ ਵਿੱਚ ਸੜਕ ਹਾਦਸੇ ਵਿੱਚ ਬਿਹਾਰ ਦੇ ਜੋੜੇ ਸਮੇਤ 3 ਦੀ ਮੌਤ




ਗਾਜ਼ੀਪੁਰ, 27 ਨਵੰਬਰ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਗਾਜ਼ੀਪੁਰ ਜ਼ਿਲੇ ਦੇ ਨੰਦਗੰਜ ਥਾਣਾ ਖੇਤਰ 'ਚ ਅਣਪਛਾਤੇ ਵਾਹਨ ਦੀ ਟੱਕਰ ਨਾਲ ਬਿਹਾਰ ਤੋਂ ਕਾਰ ਲੈ ਕੇ ਜਾ ਰਹੇ ਪਤੀ-ਪਤਨੀ ਸਮੇਤ ਤਿੰਨ ਲੋਕਾਂ ਦੀ ਮੌਤ ਹੋ ਗਈ। ਪੁਲਸ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲੀਸ ਅਨੁਸਾਰ ਨੀਰਜ ਕੁਮਾਰ (45), ਉਸ ਦੀ ਪਤਨੀ ਮੋਨੀ (41) ਅਤੇ ਉਸ ਦੇ ਦੋਸਤ ਆਲੋਕ ਕੁਮਾਰ (44) ਵਾਸੀ ਬਿਹਾਰ ਦੇ ਮੁਜ਼ੱਫਰਪੁਰ ਜ਼ਿਲ੍ਹੇ ਦੇ ਦੇਵਕਾਲੀ ਪੈਟਰੋਲ ਪੰਪ ਦੇ ਸਾਹਮਣੇ ਚਾਰ ਮਾਰਗੀ ਸੜਕ 'ਤੇ ਵਾਪਰੇ ਇਸ ਹਾਦਸੇ ਵਿੱਚ ਮੌਤ ਹੋ ਗਈ।
ਨੰਦਗੰਜ ਥਾਣਾ ਇੰਚਾਰਜ ਇੰਸਪੈਕਟਰ ਮਹਿੰਦਰ ਸਿੰਘ ਨੇ ਦੱਸਿਆ ਕਿ ਕਾਰ 'ਚ ਸਵਾਰ ਤਿੰਨ ਵਿਅਕਤੀ ਬਿਹਾਰ ਦੇ ਰਹਿਣ ਵਾਲੇ ਸਨ, ਜੋ ਪ੍ਰਯਾਗਰਾਜ ਜਾ ਰਹੇ ਸਨ। ਉਸ ਨੇ ਦੱਸਿਆ ਕਿ ਸ਼ਨੀਵਾਰ ਅੱਧੀ ਰਾਤ ਨੂੰ ਜਦੋਂ ਉਨ੍ਹਾਂ ਦੀ ਕਾਰ ਦੇਵਕਾਲੀ ਪੈਟਰੋਲ ਪੰਪ ਦੇ ਸਾਹਮਣੇ ਤੋਂ ਲੰਘ ਰਹੀ ਸੀ ਤਾਂ ਉਸੇ ਸਮੇਂ ਪਿੱਛੇ ਤੋਂ ਆ ਰਹੇ ਅਣਪਛਾਤੇ ਵਾਹਨ ਨੇ ਕਾਰ ਨੂੰ ਟੱਕਰ ਮਾਰ ਦਿੱਤੀ। ਉਸ ਨੇ ਦੱਸਿਆ ਕਿ ਟੱਕਰ 'ਚ ਕਾਰ ਨੁਕਸਾਨੀ ਗਈ।
ਸੂਚਨਾ ਮਿਲਦੇ ਹੀ ਪੁਲਸ ਮੌਕੇ 'ਤੇ ਪਹੁੰਚੀ ਪਰ ਉਦੋਂ ਤੱਕ ਮੋਨੀ ਦੀ ਮੌਤ ਹੋ ਚੁੱਕੀ ਸੀ। ਉਨ੍ਹਾਂ ਦੱਸਿਆ ਕਿ ਸਥਾਨਕ ਡਾਕਟਰਾਂ ਨੇ ਨੀਰਜ ਅਤੇ ਆਲੋਕ ਨੂੰ ਬਿਹਤਰ ਇਲਾਜ ਲਈ ਵਾਰਾਣਸੀ ਰੈਫਰ ਕਰ ਦਿੱਤਾ, ਜਿੱਥੇ ਇਲਾਜ ਦੌਰਾਨ ਦੋਵਾਂ ਦੀ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਪਰਿਵਾਰਕ ਮੈਂਬਰਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ ਅਤੇ ਲੋੜੀਂਦੀ ਕਾਰਵਾਈ ਪੂਰੀ ਕੀਤੀ ਜਾ ਰਹੀ ਹੈ।

## ਰਿਸ਼ੀ ਸੁਨਕ ਨੇ ਪ੍ਰਵਾਸੀਆਂ ਨੂੰ ਕੰਟਰੋਲ ਕਰਨ ਲਈ ਵਿਦੇਸ਼ੀ ਵਿਦਿਆਰਥੀਆਂ 'ਤੇ ਅੰਕੁਸ਼ ਲਗਾਉਣ ਦੀ ਬਣਾਈ ਯੋਜਨਾ



ਲੰਡਨ, 27 ਨਵੰਬਰ (ਪੋਸਟ ਬਿਊਰੋ)- ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਦੇਸ਼ 'ਚ ਪ੍ਰਵਾਸੀਆਂ ਦੀ ਵਧਦੀ ਗਿਣਤੀ ਦੇ ਮੱਦੇਨਜ਼ਰ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਘਟਾਉਣ ਸਮੇਤ 'ਸਾਰੇ ਵਿਕਲਪਾਂ' 'ਤੇ ਵਿਚਾਰ ਕਰਨਗੇ। ਬੀਬੀਸੀ ਨੇ ਆਪਣੀ ਇੱਕ ਰਿਪੋਰਟ ਵਿੱਚ ਇਹ ਗੱਲ ਕਹੀ ਹੈ। ਨੈਸ਼ਨਲ ਸਟੈਟਿਸਟਿਕਸ ਆਫਿਸ ਦੇ ਤਾਜ਼ਾ ਅੰਕੜਿਆਂ ਨੇ ਸੁਨਕ ਪ੍ਰਸ਼ਾਸਨ ਦੀ ਚਿੰਤਾ ਵਧਾ ਦਿੱਤੀ ਹੈ। ਹਾਲਾਂਕਿ, ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਨੂੰ ਸੀਮਤ ਕਰਨਾ ਸੁਨਕ ਲਈ ਆਸਾਨ ਨਹੀਂ ਹੋਵੇਗਾ। ਬਹੁਤ ਸਾਰੀਆਂ ਯੂਨੀਵਰਸਿਟੀਆਂ ਅੰਤਰਰਾਸ਼ਟਰੀ ਵਿਦਿਆਰਥੀਆਂ ਤੋਂ ਪ੍ਰਾਪਤ ਉੱਚ ਫੀਸਾਂ 'ਤੇ ਨਿਰਭਰ ਕਰਦੀਆਂ ਹਨ।
ਬੀਬੀਸੀ ਦੀ ਰਿਪੋਰਟ ਵਿੱਚ ਡਾਊਨਿੰਗ ਸਟ੍ਰੀਟ ਦੇ ਬੁਲਾਰੇ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਸੁਨਕ ਅਖੌਤੀ "ਘੱਟ ਕੁਆਲਿਟੀ" ਦੀਆਂ ਡਿਗਰੀਆਂ ਰੱਖਣ ਵਾਲੇ ਵਿਦੇਸ਼ੀ ਵਿਦਿਆਰਥੀਆਂ ਅਤੇ ਆਸ਼ਰਿਤਾਂ ਨੂੰ ਲਿਆਉਣ 'ਤੇ ਰੋਕ ਲਗਾਉਣ 'ਤੇ ਵਿਚਾਰ ਕਰਨਗੇ। ਹਾਲਾਂਕਿ, ਉਨ੍ਹਾਂ ਇਹ ਨਹੀਂ ਦੱਸਿਆ ਕਿ "ਘੱਟ ਕੁਆਲਿਟੀ" ਦੀ ਕਿਹੜੀ ਡਿਗਰੀ ਹੈ।
ਦਫਤਰ ਫਾਰ ਨੈਸ਼ਨਲ ਸਟੈਟਿਸਟਿਕਸ ਦੇ ਇਸ ਹਫ਼ਤੇ ਦੇ ਤਾਜ਼ਾ ਅੰਕੜਿਆਂ ਨੇ ਯੂਕੇ ਸਰਕਾਰ ਦੇ ਪ੍ਰਵਾਸ ਬਾਰੇ ਚਿੰਤਾਵਾਂ ਵਧਾ ਦਿੱਤੀਆਂ ਹਨ। ਅੰਕੜਿਆਂ ਵਿੱਚ ਦੱਸਿਆ ਗਿਆ ਹੈ ਕਿ ਪ੍ਰਵਾਸੀਆਂ ਦੀ ਗਿਣਤੀ ਵਿੱਚ ਭਾਰੀ ਉਛਾਲ ਆਇਆ ਹੈ। ਬ੍ਰਿਟੇਨ 'ਚ 2021 'ਚ ਪ੍ਰਵਾਸੀਆਂ ਦੀ ਗਿਣਤੀ 1.73 ਲੱਖ ਸੀ, ਜੋ ਵਧ ਕੇ 5.04 ਲੱਖ ਹੋ ਗਈ ਹੈ। ਅੰਤਰਰਾਸ਼ਟਰੀ ਵਿਦਿਆਰਥੀਆਂ, ਖਾਸ ਕਰਕੇ ਭਾਰਤੀਆਂ ਨੇ ਪਹਿਲੀ ਵਾਰ ਵੀਜ਼ਾ ਮੰਗਣ ਵਾਲੇ ਚੀਨੀ ਵਿਦਿਆਰਥੀਆਂ ਨੂੰ ਪਛਾੜ ਦਿੱਤਾ ਹੈ। ਉਸ ਨੇ ਇਸ ਵਾਧੇ ਵਿੱਚ ਸਭ ਤੋਂ ਵੱਧ ਯੋਗਦਾਨ ਪਾਇਆ ਹੈ। ਸੁਨਕ ਦੇ ਬੁਲਾਰੇ ਨੇ ਸ਼ੁੱਕਰਵਾਰ ਨੂੰ ਕਿਹਾ, "ਅਸੀਂ ਇਹ ਯਕੀਨੀ ਬਣਾਉਣ ਲਈ ਸਾਰੇ ਵਿਕਲਪਾਂ 'ਤੇ ਵਿਚਾਰ ਕਰ ਰਹੇ ਹਾਂ ਕਿ ਇਮੀਗ੍ਰੇਸ਼ਨ ਪ੍ਰਣਾਲੀ ਕੰਮ ਕਰ ਰਹੀ ਹੈ। ਪ੍ਰਧਾਨ ਮੰਤਰੀ ਕੁੱਲ ਗਿਣਤੀ ਨੂੰ ਘਟਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹਨ।"

## 500 ਮਿਲੀਅਨ ਵਟਸਐਪ ਉਪਭੋਗਤਾਵਾਂ ਦਾ ਡੇਟਾ ਲੀਕ, ਆਨਲਾਈਨ ਵਿਕਰੀ ਲਈ ਉਪਲਬਧ

ਨਵੀਂ ਦਿੱਲੀ, 27 ਨਵੰਬਰ (ਪੋਸਟ ਬਿਊਰੋ)- ਇੱਕ ਅਭਿਨੇਤਾ ਨੇ 16 ਨਵੰਬਰ ਨੂੰ ਇੱਕ ਮਸ਼ਹੂਰ ਹੈਕਿੰਗ ਕਮਿਊਨਿਟੀ ਫੋਰਮ 'ਤੇ ਇੱਕ ਇਸ਼ਤਿਹਾਰ ਪੋਸਟ ਕੀਤਾ, ਜਿਸ ਵਿੱਚ ਦਾਅਵਾ ਕੀਤਾ ਗਿਆ ਕਿ ਉਹ ਲਗਭਗ 500 ਮਿਲੀਅਨ ਵਟਸਐਪ ਉਪਭੋਗਤਾਵਾਂ ਦੇ ਮੋਬਾਈਲ ਨੰਬਰਾਂ ਦਾ 2022 ਡਾਟਾਬੇਸ ਵੇਚ ਰਹੇ ਹਨ। ਇਸ ਡੇਟਾਸੈਟ ਵਿੱਚ ਕਥਿਤ ਤੌਰ 'ਤੇ 84 ਦੇਸ਼ਾਂ ਦੇ ਵਟਸਐਪ ਉਪਭੋਗਤਾਵਾਂ ਦਾ ਡੇਟਾ ਸ਼ਾਮਲ ਹੈ। ਅਭਿਨੇਤਾ ਦਾ ਦਾਅਵਾ ਹੈ ਕਿ ਇਸ ਵਿੱਚ 32 ਮਿਲੀਅਨ ਤੋਂ ਵੱਧ ਯੂਐਸ ਉਪਭੋਗਤਾਵਾਂ ਦਾ ਰਿਕਾਰਡ ਹੈ।
ਫ਼ੋਨ ਨੰਬਰਾਂ ਦਾ ਇੱਕ ਹੋਰ ਵੱਡਾ ਹਿੱਸਾ ਮਿਸਰ (45 ਮਿਲੀਅਨ), ਇਟਲੀ (35 ਮਿਲੀਅਨ), ਸਾਊਦੀ ਅਰਬ (29 ਮਿਲੀਅਨ), ਫਰਾਂਸ (20 ਮਿਲੀਅਨ) ਅਤੇ ਤੁਰਕੀ (20 ਮਿਲੀਅਨ) ਦੇ ਨਾਗਰਿਕਾਂ ਦਾ ਹੈ। ਵਿਕਰੀ ਲਈ ਡੇਟਾਸੈਟ ਵਿੱਚ ਕਥਿਤ ਤੌਰ 'ਤੇ ਲਗਭਗ 10 ਮਿਲੀਅਨ ਰੂਸੀ ਅਤੇ 11 ਮਿਲੀਅਨ ਯੂਕੇ ਦੇ ਨਾਗਰਿਕਾਂ ਦੇ ਫੋਨ ਨੰਬਰ ਸ਼ਾਮਲ ਹਨ। ਧਮਕੀ ਦੇਣ ਵਾਲੇ ਅਦਾਕਾਰ ਨੇ ਦੱਸਿਆ ਕਿ ਉਹ ਯੂਐਸ ਡੇਟਾਸੈਟ ਨੂੰ 7 ਜਿਆਦਾ ਡਾਲਰ ਵਿੱਚ, ਯੂਕੇ ਨੂੰ 2500 ਡਾਲਰ ਵਿੱਚ ਅਤੇ ਜਰਮਨੀ ਨੂੰ 2 ਹਜਾਰ ਵਿੱਚ ਵੇਚ ਰਹੇ ਸਨ।
ਅਜਿਹੀ ਜਾਣਕਾਰੀ ਜਿਆਦਾਤਰ ਹਮਲਾਵਰਾਂ ਦੁਆਰਾ ਸਮਿਸ਼ਿੰਗ ਅਤੇ ਵਿਸ਼ਿੰਗ ਹਮਲਿਆਂ ਲਈ ਵਰਤੀ ਜਾਂਦੀ ਹੈ, ਇਸ ਲਈ ਅਸੀਂ ਉਪਭੋਗਤਾਵਾਂ ਨੂੰ ਅਣਜਾਣ ਨੰਬਰਾਂ, ਅਣਚਾਹੇ ਕਾਲਾਂ ਅਤੇ ਸੰਦੇਸ਼ਾਂ ਤੋਂ ਕਿਸੇ ਵੀ ਕਾਲ ਤੋਂ ਸਾਵਧਾਨ ਰਹਿਣ ਦੀ ਸਲਾਹ ਦਿੰਦੇ ਹਾਂ। ਵਟਸਐਪ ਦੇ ਵਿਸ਼ਵ ਪੱਧਰ 'ਤੇ ਦੋ ਅਰਬ ਤੋਂ ਵੱਧ ਸਰਗਰਮ ਉਪਭੋਗਤਾ ਹਨ।
ਵਟਸਐਪ ਦੇ ਡੇਟਾਬੇਸ ਦੇ ਵਿਕਰੇਤਾ ਨੇ ਖੋਜਕਰਤਾਵਾਂ ਨਾਲ ਡੇਟਾ ਦਾ ਇੱਕ ਨਮੂਨਾ ਸਾਂਝਾ ਕੀਤਾ। ਸਾਂਝੇ ਕੀਤੇ ਗਏ ਨਮੂਨੇ ਵਿੱਚ 1097 ਯੂਕੇ ਅਤੇ 817 ਯੂਐਸ ਉਪਭੋਗਤਾ ਨੰਬਰ ਸ਼ਾਮਲ ਹਨ। ਨਮੂਨੇ ਵਿੱਚ ਸ਼ਾਮਲ ਸਾਰੇ ਨੰਬਰਾਂ ਦੀ ਕਰਾਸ-ਚੈੱਕ ਕੀਤੀ ਅਤੇ ਇਹ ਪੁਸ਼ਟੀ ਕਰਨ ਦੇ ਯੋਗ ਸੀ ਕਿ ਉਹ ਅਸਲ ਵਿੱਚ ਵਟਸਐਪ ਉਪਭੋਗਤਾ ਹਨ। ਹਾਲਾਂਕਿ, ਵਿਕਰੇਤਾ ਨੇ ਇਹ ਨਹੀਂ ਦੱਸਿਆ ਕਿ ਉਨ੍ਹਾਂ ਨੇ ਡੇਟਾਬੇਸ ਕਿਵੇਂ ਪ੍ਰਾਪਤ ਕੀਤਾ। ਇਸ ਨੇ ਸਿਰਫ ਇਹ ਕਿਹਾ ਕਿ ਉਹਨਾਂ ਨੇ ਡਾਟਾ ਇਕੱਠਾ ਕਰਨ ਲਈ "ਆਪਣੀਆਂ ਚਾਲਾਂ ਦੀ ਵਰਤੋਂ ਕੀਤੀ" ਅਤੇ ਭਰੋਸਾ ਦਿਵਾਇਆ ਕਿ ਦਿੱਤੇ ਗਏ ਸਾਰੇ ਨੰਬਰ ਸਰਗਰਮ ਵਟਸਐਪ ਉਪਭੋਗਤਾਵਾਂ ਦੇ ਸਨ।

## ਇਮਰਾਨ ਖਾਨ ਨੇ ਜਤਾਈ ਖੁਦ 'ਤੇ ਹਮਲੇ ਦੀ ਸ਼ੰਕਾ, ਕਿਹਾ ਅਸਫਲ ਕੋਸ਼ਿਸ਼ ਕਰਨ ਵਾਲੇ ਫਿਰ ਬਣਾ ਸਕਦੇ ਹਨ ਨਿਸ਼ਾਨਾ



ਇਸਲਾਮਾਬਾਦ, 27 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਦਾਅਵਾ ਕੀਤਾ ਹੈ ਕਿ ਇਸ ਮਹੀਨੇ ਦੇ ਸ਼ੁਰੂ ਵਿੱਚ ਵਜ਼ੀਰਾਬਾਦ ਸ਼ਹਿਰ ਵਿੱਚ ਇੱਕ ਰੋਸ ਮਾਰਚ ਦੌਰਾਨ ਤਿੰਨ ਨਿਸ਼ਾਨੇਬਾਜ਼ਾਂ ਨੇ ਉਨ੍ਹਾਂ ਨੂੰ ਮਾਰਨ ਦੀ ਕੋਸ਼ਿਸ਼ ਕੀਤੀ। 3 ਨਵੰਬਰ ਨੂੰ ਪਾਕਿ-ਸਤਾਨ ਤਹਿਰੀਕ-ਏ-ਇਨਸਾਫ (ਪੀ.ਟੀ.ਆਈ.) ਦੇ ਚੇਅਰਮੈਨ ਖਾਨ ਨੂੰ ਪੰਜਾਬ ਦੇ ਵਜ਼ੀਰਿਸਤਾਨ ਇਲਾਕੇ 'ਚ ਬੰਦੂਕਧਾਰੀਆਂ ਨੇ ਸੱਜੀ ਲੱਤ 'ਚ ਗੋਲੀ ਮਾਰ ਦਿੱਤੀ ਸੀ। ਉਸ ਸਮੇਂ ਉਹ ਸਰਕਾਰ 'ਤੇ ਜਲਦੀ ਚੋਣਾਂ ਕਰਵਾਉਣ ਲਈ ਦਬਾਅ ਬਣਾਉਣ ਲਈ ਕੱਢੇ ਗਏ ਮਾਰਚ ਦੀ ਅਗਵਾਈ ਕਰ ਰਹੇ ਸਨ।
ਸ਼ਨੀਵਾਰ ਰਾਤ ਨੂੰ ਸ਼ਹਿਰ ਵਿੱਚ ਆਪਣੀ ਪਾਰਟੀ ਦੀ ਇੱਕ ਵਿਸ਼ਾਲ ਰੈਲੀ ਨੂੰ ਸੰਬੋਧਿਤ ਕਰਦੇ ਹੋਏ, ਖਾਨ ਨੇ ਕਿਹਾ ਕਿ ਦੋ ਹਮਲਾਵਰਾਂ ਵਿੱਚੋਂ ਜਿਨ੍ਹਾਂ ਦੀ ਪਹਿਲਾਂ ਪਛਾਣ ਕੀਤੀ ਗਈ ਸੀ, ਇੱਕ ਨੇ ਉਨ੍ਹਾਂ ਉੱਤੇ ਅਤੇ ਦੂਜੇ ਪੀ.ਟੀ.ਆਈ. ਨੇਤਾਵਾਂ ਉੱਤੇ ਗੋਲੀਬਾਰੀ ਕੀਤੀ ਸੀ। ਦੂਜੇ ਸ਼ੂਟਰ ਨੇ ਕੰਟੇਨਰ ਦੇ ਸਾਹਮਣੇ ਤੋਂ ਗੋਲੀਬਾਰੀ ਕੀਤੀ। ਜਦਕਿ ਤੀਜੇ ਹਮਲਾਵਰ ਨੂੰ ਪਹਿਲੇ ਹਮਲਾਵਰ ਨੂੰ ਖਤਮ ਕਰਨ ਦਾ ਕੰਮ ਸੌਂਪਿਆ ਗਿਆ ਸੀ।
ਖਾਨ (70) ਨੇ ਦਾਅਵਾ ਕੀਤਾ ਕਿ ਇਸ ਤੀਜੇ ਹਮਲਾਵਰ ਨੇ ਰੈਲੀ ਵਿੱਚ ਇੱਕ ਵਿਅਕਤੀ ਨੂੰ ਮਾਰਿਆ ਜਦੋਂ ਉਹ ਪਹਿਲੇ ਹਮਲਾਵਰ ਨੂੰ ਮਾਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਹਮਲੇ ਤੋਂ ਇਕ ਦਿਨ ਬਾਅਦ ਲਾਹੌਰ ਦੇ ਸ਼ੌਕਤ ਖਾਨਮ ਹਸਪਤਾਲ ਤੋਂ ਰਾਸ਼ਟਰ ਨੂੰ ਸੰਬੋਧਿਤ ਕਰਦੇ ਹੋਏ ਖਾਨ ਨੇ ਕਿਹਾ ਸੀ ਕਿ ਦੋ ਹਮਲਾਵਰਾਂ ਨੇ ਉਸ ਦੀ ਸੱਜੀ ਲੱਤ ਵਿਚ ਚਾਰ ਗੋਲੀਆਂ ਮਾਰੀਆਂ ਸਨ। ਉਨ੍ਹਾਂ ਕਿਹਾ, "ਫਿਰ ਦੂਜਾ ਹਮਲਾ ਹੋਇਆ, ਦੋ ਲੋਕ ਇਸ ਵਿੱਚ ਸ਼ਾਮਲ ਸਨ।"
ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਖਾਨ ਨੇ ਇਹ ਵੀ ਦੋਸ਼ ਲਗਾਇਆ ਕਿ ਹੱਤਿਆ ਦੀ ਅਸਫਲ ਕੋਸ਼ਿਸ਼ ਵਿੱਚ ਸ਼ਾਮਲ ਤਿੰਨ ਵਿਅਕਤੀ ਉਸਨੂੰ ਦੁਬਾਰਾ ਨਿਸ਼ਾਨਾ ਬਣਾਉਣ ਦੀ ਫਿਰਾਕ ਵਿਚ ਹਨ। ਖਾਨ ਨੇ ਕਈ ਵਾਰ ਦੋਸ਼ ਲਗਾਇਆ ਹੈ ਕਿ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ, ਗ੍ਰਹਿ ਮੰਤਰੀ ਰਾਣਾ ਸਨਾਉੱਲਾ ਅਤੇ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਦੇ ਕਾਊਂਟਰ ਇੰਟੈਲੀਜੈਂਸ ਵਿੰਗ ਦੇ ਮੁਖੀ ਮੇਜਰ ਜਨਰਲ ਫੈਜ਼ਲ ਨਸੀਰ ਉਨ੍ਹਾਂ 'ਤੇ ਹਮਲੇ ਦੇ ਪਿੱਛੇ ਸਨ।

## ਭਾਰਤ-ਨੇਪਾਲ ਸਰਹੱਦ 'ਤੇ ਗੈਰ-ਕਾਨੂੰਨੀ ਤਰੀਕੇ ਨਾਲ ਦੇਸ਼ 'ਚ ਦਾਖਲ ਹੋਣ ਦੇ ਦੋਸ਼ 'ਚ ਦੋ ਵਿਦੇਸ਼ੀ ਨਾਗਰਿਕ ਗ੍ਰਿਫਤਾਰ

ਸਿਲੀਗੁੜੀ, 27 ਨਵੰਬਰ (ਪੋਸਟ ਬਿਊਰੋ)- ਪੱਛਮੀ ਬੰਗਾਲ ਦੇ ਦਾਰਜੀਲਿੰਗ ਜ਼ਿਲੇ 'ਚ ਭਾਰਤ-ਨੇਪਾਲ ਸਰਹੱਦ 'ਤੇ ਗੈਰ-ਕਾਨੂੰਨੀ ਤਰੀਕੇ ਨਾਲ ਦੇਸ਼ 'ਚ ਦਾਖਲ ਹੋਣ ਦੇ ਦੋਸ਼ 'ਚ ਐਤਵਾਰ ਨੂੰ ਦੋ ਵਿਦੇਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਨਿਊਜ਼ੀਲੈਂਡ ਦੇ ਨਾਗਰਿਕ ਐਂਡਰਿਊ ਜੇਮਸ ਨੂੰ ਸ਼ਸਤਰ ਸੀਮਾ ਬਲ (ਐਸਐਸਬੀ) ਦੇ ਜਵਾਨਾਂ ਨੇ ਪਾਣੀਟੰਕੀ ਇਲਾਕੇ ਵਿੱਚ ਫੜ੍ਹਿਆ ਸੀ। ਉਨ੍ਹਾਂ ਨੇ ਦੱਸਿਆ ਕਿ ਉਸ ਕੋਲੋਂ ਭਾਰਤੀ ਡਰਾਈਵਿੰਗ ਲਾਇਸੈਂਸ, ਪੈਨ ਕਾਰਡ ਅਤੇ ਆਧਾਰ ਕਾਰਡ ਮਿਲਿਆ ਹੈ।
ਅਧਿਕਾਰੀਆਂ ਨੇ ਦੱਸਿਆ ਕਿ ਉਹ ਇਨ੍ਹਾਂ ਦਸਤਾਵੇਜ਼ਾਂ ਨਾਲ ਨੇਪਾਲ ਤੋਂ ਦੇਸ਼ 'ਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ, ਜੋ ਜਾਅਲੀ ਸਨ। ਉਨ੍ਹਾਂ ਨੇ ਦੱਸਿਆ ਕਿ ਉਸ ਤੋਂ ਪੁੱਛਗਿੱਛ ਕਰਨ 'ਤੇ ਸਰਹੱਦੀ ਖੇਤਰ ਤੋਂ ਇਕ ਬੰਗਲਾਦੇਸ਼ੀ ਨਾਗਰਿਕ ਨੂੰ ਫੜ੍ਹਿਆ ਗਿਆ। ਉਸ ਨੇ ਦੱਸਿਆ ਕਿ ਉਸ ਦੀ ਪਛਾਣ ਮੁਹੰਮਦ ਨੂਰੁਲ ਇਸਲਾਮ ਵਜੋਂ ਹੋਈ ਹੈ। ਬਾਅਦ ਵਿੱਚ ਦੋਵਾਂ ਵਿਦੇਸ਼ੀਆਂ ਨੂੰ ਖੀਰੀਬਾੜੀ ਥਾਣੇ ਦੇ ਅਧਿਕਾਰੀਆਂ ਦੇ ਹਵਾਲੇ ਕਰ ਦਿੱਤਾ ਗਿਆ। ਅਧਿਕਾਰੀਆਂ ਨੇ ਕਿਹਾ ਕਿ ਉਹ ਇਸ ਗੱਲ ਦੀ ਜਾਂਚ ਕਰ ਰਹੇ ਹਨ ਕਿ ਨਿਊਜ਼ੀਲੈਂਡ ਦਾ ਵਿਅਕਤੀ ਜਾਅਲੀ ਦਸਤਾਵੇਜ਼ਾਂ ਨਾਲ ਭਾਰਤ ਵਿਚ ਕਿਉਂ ਦਾਖਲ ਹੋਇਆ ਸੀ ਅਤੇ ਉਸ ਦਾ ਬੰਗਲਾਦੇਸ਼ੀ ਵਿਅਕਤੀ ਨਾਲ ਕੀ ਸਬੰਧ ਹੈ।






# ਗੁਜਰਾਤ ਅਤੇ ਹਿਮਾਚਲ ਦੀਆਂ ਚੋਣਾਂ ਉੱਤੇ ਅੱਖ ਟਿਕੀ ਹੈ ਸਾਰਿਆਂ ਦੀ

-ਜਤਿੰਦਰ ਪਨੂੰ-






ਨਵੰਬਰ ਦੇ ਆਖਰੀ ਹਫਤੇ ਤੱਕ ਕੋਈ ਵੀ ਇਹ ਅੰਦਾਜ਼ਾ ਲਾਉਣ ਵਾਲਾ ਨਹੀਂ ਮਿਲਿਆ ਕਿ ਹਿਮਾ-ਚਲ ਪ੍ਰਦੇਸ਼ ਤੇ ਗੁਜਰਾਤ ਦੀਆਂ ਵਿਧਾਨ ਸਭਾ ਚੋਣਾਂ ਦਾ ਨਤੀਜਾ ਕਿੱਦਾਂ ਦਾ ਆਵੇਗਾ! ਉਹ ਵੱਡੇ ਵਿਸ਼ਲੇਸ਼ਣਕਾਰ ਵੀ ਇਸ ਵਾਰ ਆਪਣਾ ਖਿਆਲ ਪੇਸ਼ ਕਰਨ ਤੋਂ ਅਚਾਨਕ ਝਿਜਕਦੇ ਵੇਖੇ ਹਨ, ਜਿਹੜੇ ਨਵੰਬਰ ਦੇ ਅੱਧ ਤੱਕ ਬੜਾ ਜ਼ੋਰ ਦੇ ਕੇ ਆਖਦੇ ਸਨ ਕਿ ਦੋਵਾਂ ਰਾਜਾਂ ਵਿੱਚ ਇਸ ਵਾਰ ਵੀ ਭਾਜਪਾ ਦੇ ਮਜ਼ਬੂਤ ਕਿਲ੍ਹੇ ਨੂੰ ਕਿਸੇ ਤੋਂ ਸੰਨ੍ਹ ਨਹੀਂ ਲਾਈ ਜਾ ਸਕਣੀ। ਹਿਮਾਚਲ ਪ੍ਰਦੇਸ਼ ਬਾਰੇ ਪਹਿਲੇ ਦਿਨਾਂ ਵਿੱਚ ਮਾਹਰਾਂ ਵਿੱਚੋਂ ਕੁਝ ਦੀ ਇਹ ਰਾਏ ਸੀ ਕਿ ਓਥੇ ਮੁਕਾਬਲਾ ਭਾਜਪਾ ਅਤੇ ਆਮ ਆਦਮੀ ਪਾਰਟੀ ਵਿਚਾਲੇ ਬਣ ਸਕਦਾ ਹੈ ਅਤੇ ਜਿੱਦਾਂ ਦਿੱਲੀ ਅਤੇ ਪੰਜਾਬ ਦੇ ਮੁੱਖ ਮੰਤਰੀਆਂ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਦੀਆਂ ਰੈਲੀਆਂ ਵਿੱਚ ਭੀੜ ਜੁੜਦੀ ਰਹੀ ਹੈ, ਉਹ ਕੋਈ ਕ੍ਰਿਸ਼ਮਾ ਵੀ ਦਿਖਾ ਸਕਦੇ ਹਨ। ਛੇਤੀਬਾਅਦ ਸਪੱਸ਼ਟ ਸੰਕੇਤ ਮਿਲਣ ਲੱਗ ਪਏ ਕਿ ਓਥੇ ਆਮ ਆਦਮੀ ਪਾਰਟੀ ਦੇ ਪੈਰ ਨਹੀਂ ਜੰਮ ਸਕੇ ਅਤੇ ਮੁਕਾਬਲਾ ਫਿਰ ਦੋ ਰਿਵਾਇਤੀ ਵਿਰੋਧੀ ਧਿਰਾਂ ਭਾਜਪਾ ਅਤੇ ਕਾਂਗਰਸ ਵਿਚਾਲੇ ਹੀ ਰਹਿਣਾ ਹੈ। ਉਸ ਰਾਜ ਵਿੱਚ ਬੈਠੇ ਦੋਸਤਾਂ ਦਾ ਕਹਿਣਾ ਹੈ ਕਿ ਭਾਜਪਾ ਵਿਰੋਧੀ ਸੋਚ ਕਾਰਨ ਓਥੋਂ ਦੇ ਲੋਕਾਂ ਵਿੱਚ ਆਮ ਰਾਏ ਨੂੰ ਪ੍ਰਭਾਵਤ ਕਰਨ ਵਾਲਿਆਂ ਨੇ ਇਹ ਸੁਰ ਚੁੱਕ ਲਈ ਸੀ ਕਿ ਭਾਜਪਾ ਨਾਲ ਵਿਰੋਧ ਵਾਲੀਆਂ ਵੋਟਾਂ ਵੰਡੀਆਂ ਜਾਣ ਨਾਲ ਭਾਜਪਾ ਨੂੰ ਫਾਇਦਾ ਹੋ ਸਕਦਾ ਹੈ, ਇਸ ਲਈ ਲੋਕ ਇਨ੍ਹਾਂ ਦੋਵਾਂ ਧਿਰਾਂ ਵਿੱਚੋਂ ਹੀ ਕਿਸੇ ਇੱਕ ਨੂੰ ਚੁਣਨ ਲਈ ਮਨ ਬਣਾਉਣ ਤਾਂ ਚੰਗਾ ਰਹੇਗਾ। ਇਹ ਸੁਰ ਬਾਅਦ ਵਿੱਚ ਭਾਰੂ ਹੋ ਗਈ ਸੀ।

ਇਸ ਦੇ ਬਾਅਦ ਜਿਸ ਦਿਨ ਉਸ ਰਾਜ ਵਿੱਚ ਪੋਲਿੰਗ ਹੋਈ, ਉਸ ਤੋਂ ਅਗਲੇ ਦਿਨ ਇਹ ਕਿਹਾ ਜਾਣ ਲੱਗ ਪਿਆ ਸੀ ਕਿ ਮੁਕਾਬਲਾ ਦੋਵਾਂ ਧਿਰਾਂ ਵਿਚਾਲੇ ਹੀ ਰਿਹਾ ਹੈ, ਜਿਸ ਦੇ ਦੋ ਕਾਰਨ ਹਨ ਤੇ ਦੋਵੇਂ ਕਾਰਨ ਭਾਜਪਾ ਵਿਰੋਧੀ ਦੱਸੇ ਜਾ ਰਹੇ ਸਨ। ਪਹਿਲਾ ਇਹ ਕਿ ਵੱਡੇ ਪੂੰਜੀਪਤੀ ਗੌਤਮ ਅਡਾਨੀ ਦੀ ਕੰਪਨੀ ਦੇ ਸੀਲੋ ਪਲਾਂਟਾਂ ਨੇ ਸੇਬਾਂ ਦੀ ਜ਼ਖੀਰੇਬਾਜ਼ੀ ਕਰ ਕੇ ਉਸ ਰਾਜ ਦੇ ਸੇਬ ਬੀਜਣ ਵਾਲੇ ਕਿਸਾਨਾਂ ਨੂੰ ਜਿਹੜਾ ਝਟਕਾ ਦਿੱਤਾ ਸੀ, ਉਸ ਕਾਰਨ ਓਥੋਂ ਦੀਆਂ ਕਿਸਾਨੀ ਵੋਟਾਂ ਦਾ ਵੱਡਾ ਹਿੱਸਾ ਭਾਜਪਾ ਦੇ ਖਿਲਾਫ ਹੋ ਗਿਆ ਸੀ। ਦੂਸਰਾ ਇਹ ਕਿ ਉਸ ਰਾਜ ਵਿੱਚ ਹਰ ਪਿੰਡ ਤੋਂ ਹਰ ਘਰ ਦਾ ਕੋਈ ਨਾ ਕੋਈ ਜੀਅ ਜਾਂ ਉਨ੍ਹਾਂ ਦਾ ਕੋਈ ਨੇੜਲਾ ਰਿਸ਼ਤੇਦਾਰ ਫੌਜ ਵਿੱਚ ਭਰਤੀ ਹੁੰਦਾ ਸੀ ਤੇ ਓਥੋਂ ਦੇ ਬਹੁਤ ਸਾਰੇ ਲੋਕਾਂ ਨੇ ਦੇਸ਼ ਲਈ ਸ਼ਹੀਦੀਆਂ ਵੀ ਦਿੱਤੀਆਂ ਹੋਈਆਂ ਸਨ। ਭਾਰਤ ਸਰਕਾਰ ਦੀ ਨਵੀਂ ਅਗਨੀਵੀਰ ਸਕੀਮ ਕਾਰਨ ਉਨ੍ਹਾਂ ਨੂੰ ਇਸ ਗੱਲ ਦੀ ਚਿੰਤਾ ਹੈ ਕਿ ਚਾਰ ਸਾਲ ਲਾਉਣ ਪਿੱਛੋਂ ਜਦੋਂ ਉਨ੍ਹਾਂ ਦੇ ਬੱਚੇ ਛੋਟੀ ਉਮਰੇ ਫੌਜ ਦੀ ਨੌਕਰੀ ਛੁਡਾ ਕੇ ਘਰੀਂ ਭੇਜ ਦਿੱਤੇ ਗਏ ਤਾਂ ਉਨ੍ਹਾਂ ਦਾ ਭਵਿੱਖ ਕੋਈ ਨਹੀਂ ਰਹਿ ਜਾਣਾ, ਇਸ ਲਈ ਉਹ ਲੋਕ ਭਾਜਪਾ ਸਰਕਾਰ ਵਿਰੁੱਧ ਗੁੱਸੇ ਨਾਲ ਭਰੇ ਹੋਏ ਸਨ। ਇਹ ਗੁੱਸਾ ਭਾਜਪਾ ਵਿਰੁੱਧ ਕਾਂਗਰਸ ਵੱਲ ਉਨ੍ਹਾਂ ਦੇ ਖਿਸਕਣ ਦਾ ਕਾਰਨ ਹੋ ਸਕਦਾ ਸੀ, ਉਂਜ ਭਾਵੇਂ ਕਾਂਗਰਸੀਆਂ ਦਾ ਆਪਣਾ ਵਿਹਾਰ ਆਮ ਲੋਕਾਂ ਨੂੰ ਆਪਣੇ ਵੱਲ ਖਿੱਚਣ ਦੀ ਥਾਂ ਆਪਸੀ ਧੜੇਬੰਦੀ ਵਿੱਚ ਫਸੇ ਰਹਿਣ ਕਾਰਨ ਪਹਿਲਾਂ ਤੋਂ ਵੀ ਇਸ ਵਾਰ ਵੱਧ ਮਾੜਾ ਹੋ ਚੁੱਕਾ ਸੀ। ਇਸ ਕਾਰਨ ਓਥੋਂ ਦੀ ਚੋਣ ਚੋਖੀ ਦਿਲਚਸਪ ਬਣ ਗਈ ਹੈ।

ਜਿੱਥੋਂ ਤੱਕ ਗੁਜਰਾਤ ਦਾ ਸੰਬੰਧ ਹੈ, ਭਾਰਤ ਸਰਕਾਰ ਦੀ ਫੌਜੀਆਂ ਬਾਰੇ ਅਗਨੀਵੀਰ ਸਕੀਮ ਦਾ ਵਿਰੋਧ ਓਥੇ ਵੀ ਬਥੇਰਾ ਹੈ, ਪਰ ਉਸ ਰਾਜ ਵਿੱਚ ਭਾਜਪਾ ਦੇ ਆਪਣੇ ਅੰਦਰਲੀ ਧੜੇਬੰਦੀ ਤੇ ਹੱਦੋਂ ਬਾਹਲੇ ਭ੍ਰਿਸ਼ਟਾਚਾਰ ਨੇ ਵੀ ਲੋਕਾਂ ਨੂੰ ਬਹੁਤ ਜ਼ਿਆਦਾ ਦੁਖੀ ਕਰ ਰੱਖਿਆ ਸੁਣੀਂਦਾ ਹੈ। ਓਥੋਂ ਦੇ ਜਿਹੜੇ ਲੋਕਾਂ ਨਾਲ ਫੋਨ ਉੱਤੇ ਗੱਲਬਾਤ ਹੁੰਦੀ ਹੈ, ਉਹ ਇਹ ਕਹਿਣ ਨੂੰ ਤਿਆਰ ਨਹੀਂ ਕਿ ਭਾਜਪਾ ਇਸ ਵਾਰ ਉਸ ਰਾਜ ਵਿੱਚ ਚੋਣ ਜਿੱਤ ਸਕੇਗੀ, ਇਹ ਕਹਿੰਦੇ ਹਨ ਕਿ ਜੇ ਭਾਜਪਾ ਦੇ ਵਿਰੋਧ ਦੀਆਂ ਵੋਟਾਂ ਕਾਂਗਰਸ ਤੇ ਆਮ ਆਦਮੀ ਪਾਰਟੀ ਵਿੱਚ ਵੰਡੀਆਂ ਜਾਣ ਦਾ ਲਾਭ ਭਾਜਪਾ ਨੂੰ ਮਿਲ ਵੀ ਗਿਆ ਤਾਂ ਉਸ ਦੀ ਜਿੱਤ ਦਾ ਫਰਕ ਬਹੁਤ ਛੋਟਾ ਰਹਿ ਸਕਦਾ ਹੈ। ਭਾਜਪਾ ਆਗੂ ਬੇਸ਼ੱਕ ਇਹ ਕਹੀ ਜਾਂਦੇ ਹਨ ਕਿ ਓਥੇ ਉਨ੍ਹਾਂ ਦੀ ਪਾਰਟੀ ਨੂੰ ਕੋਈ ਖਤਰਾਨਹੀਂ, ਪਰ ਮੀਡੀਆ ਜਿਹੜੀਆਂ ਖਬਰਾਂ ਲਿਆ ਰਿਹਾ ਹੈ, ਉਹ ਭਾਜਪਾ ਲੀਡਰਾਂ ਦੇ ਬਿਆਨਾਂ ਤੋਂ ਉਲਟ ਪ੍ਰਭਾਵ ਦੇਣ ਵਾਲੀਆਂ ਹਨ। ਇਸ ਲਈ ਓਥੇ ਇਸ ਵਾਰ ਕੁਝ ਵੀ ਹੋ ਸਕਦਾ ਹੈ, ਕੁਝ ਵੀ।

ਪਿਛਲੇ ਦਿਨਾਂ ਵਿੱਚ ਜਿਹੜੀਆਂ ਤਾਜ਼ਾਂ ਘਟਨਾਵਾਂ ਹੋਈਆਂ ਹਨ, ਮੋਰਬੀ ਸ਼ਹਿਰ ਵਿੱਚ ਮੱਛੂ ਨਦੀ ਉੱਤੇ ਬਣਿਆ ਪੁਲ ਢਹਿਣ ਨਾਲ ਡੇਢ ਸੌ ਦੇ ਕਰੀਬ ਲੋਕ ਜਿੰਦਾਂ ਮਾਰੇ ਗਏ ਹਨ, ਉਸ ਨਾਲ ਆਮ ਲੋਕਾਂ ਵਿੱਚ ਗੁਜਰਾਤ ਸਰਕਾਰ ਦਾ ਅਕਸ ਹੋਰ ਖਰਾਬ ਹੁੰਦਾ ਵੇਖਿਆ ਗਿਆ ਹੈ। ਇਸ ਕੇਸ ਬਾਰੇ ਹਾਈ ਕੋਰਟ ਵਿੱਚ ਵੀ ਸਰਕਾਰ ਦੀ ਮੁੜ-ਮੁੜ ਬੇਇੱਜ਼ਤੀ ਹੋਈ ਅਤੇ ਸੁਪਰੀਮ ਕੋਰਟ ਵਿੱਚ ਵੀ ਕੇਂਦਰ ਅਤੇ ਰਾਜ ਸਰਕਾਰ ਦੇ ਵਕੀਲਾਂ ਨੂੰ ਜਵਾਬ ਦੇਣਾ ਔਖਾ ਹੋ ਗਿਆ ਸੀ। ਜਦੋਂ ਪੁਲ ਟੁੱਟ ਗਿਆ ਤਾਂ ਅਗਲੇਰੇ ਦਿਨ ਪ੍ਰਧਾਨ ਮੰਤਰੀ ਦੇ ਆਉਣ ਤੋਂ ਪਹਿਲਾਂ ਜਿਵੇਂ ਜ਼ਖਮੀਆਂ ਦੇ ਇਲਾਜ ਨਾਲੋਂ ਵੱਧ ਜ਼ੋਰ ਇਸ ਗੱਲ ਉੱਤੇ ਲਾਇਆ ਗਿਆ ਕਿ ਹਸਪਤਾਲ ਵਿਸ਼ਵ ਪੱਧਰ ਦਾ ਰਾਤੋ ਰਾਤ ਬਣਾ ਦਿੱਤਾ ਜਾਵੇ, ਗਿੱਲੇ ਪੇਂਟ ਉੱਤੇ ਖੜੇ ਪੈਰ ਬੱਚਿਆਂ ਦੀਆਂ ਖੂਬਸੂਰਤ ਤਸਵੀਰਾਂ ਬਣਵਾਈਆਂ, ਉਸ ਨਾਲ ਸਰਕਾਰ ਬਾਰੇ ਮਾੜੀ ਰਾਏ ਬਣੀ ਹੈ। ਪਹਿਲਾਂ ਕੋਵਿਡ ਦੀ ਬਿਮਾਰੀ ਦੇ ਦਿਨਾਂ ਵਿੱਚ ਜਦੋਂ ਸਾਰੇ ਦੇਸ਼ ਵਿੱਚ ਮੌਤਾਂ ਦਾ ਅੰਕੜਾ ਘਟਾ ਕੇ ਪੇਸ਼ ਕੀਤਾ ਜਾ ਰਿਹਾ ਸੀ, ਓਦੋਂ ਗੁਜਰਾਤ ਵਿੱਚ ਬਾਕੀ ਰਾਜਾਂ ਨਾਲੋਂ ਵੱਧ ਪਰਦਾਪੋਸ਼ੀ ਹੁੰਦੀ ਰਹੀ ਸੀ ਤੇ ਹਸਪਤਾਲ ਵਿੱਚ ਕੋਵਿਡ ਨਾਲ ਹੋਈਆਂ ਮੌਤਾਂ ਤੇ ਸ਼ਮਸ਼ਾਨ ਘਾਟ ਵਿੱਚ ਪੀ ਪੀ ਈ ਕਿੱਟ ਵਾਲੀਆਂ ਲਾਸ਼ਾਂ ਦੇ ਅੰਤਮ ਸੰਸਕਾਰ ਦੇ ਅੰਕੜੇ ਮਿਲਦੇ ਨਹੀਂ ਸਨ। ਸੰਸਾਰ ਭਰ ਦੇ ਮੀਡੀਏ ਵਿੱਚ ਓਦੋਂ ਇਹ ਗੱਲ ਚੱਲਦੀ ਰਹੀ ਸੀ ਕਿ ਪ੍ਰਧਾਨ ਮੰਤਰੀ ਦੇ ਆਪਣੇ ਰਾਜ ਵਿੱਚ ਹੋਈਆਂ ਮੌਤਾਂ ਵਾਲੇ ਅੰਕੜੇ ਛਿਪਾਉਣ ਦਾ ਕੰਮ ਕਿਸੇ ਵੀ ਹੋਰ ਰਾਜ ਤੋਂ ਵੱਧ ਹੋ ਰਿਹਾ ਹੈ। ਜਿਹੜੀ ਗੱਲ ਸਾਰੇ ਸੰਸਾਰ ਵਿੱਚ ਚਰਚਾ ਦਾ ਵਿਸ਼ਾ ਬਣਦੀ ਰਹੀ ਸੀ, ਉਸ ਦਾ ਅਸਰ ਇਨ੍ਹਾਂ ਚੋਣਾਂ ਮੌਕੇ ਉਸ ਰਾਜ ਦੇ ਲੋਕਾਂ ਦੀ ਬਹਿਸ ਵਿੱਚ ਫਿਰ ਦਿਖਾਈ ਦਿੱਤਾ ਹੈ। ਇਹ ਚਰਚਾ ਵੋਟਾਂ ਦੇ ਐਨ ਨੇੜੇ ਜਾ ਕੇ ਦੋਬਾਰਾ ਉੱਠਣ ਦਾ ਮਤਲਬ ਕਿਸੇ ਨੂੰ ਵੀ ਸਮਝ ਆ ਸਕਦਾ ਹੈ।

ਅਸੀਂ ਲਿਖਤ ਦੇ ਸ਼ੁਰੂ ਵਿੱਚ ਇਹ ਕਿਹਾ ਸੀ ਕਿ ਚੋਣਾਂ ਬਾਰੇ ਆਮ ਤੌਰ ਉੱਤੇ ਬਹੁਤ ਖੁੱਲ੍ਹ ਕੇ ਚਰਚਾ ਕਰਨ ਵਾਲੇ ਵੱਡੇ ਧਨੰਤਰ ਵੀ ਇਸ ਵਾਰ ਇਨ੍ਹਾਂ ਦੋਵਾਂ ਰਾਜਾਂ ਬਾਰੇ ਕੁਝ ਕਹਿਣ ਤੋਂ ਝਿਜਕ ਰਹੇ ਹਨ ਤਾਂ ਅਸੀਂ ਵੀ ਇਸ ਮਾਮਲੇ ਵਿੱਚ ਕੋਈ ਭਵਿੱਖਬਾਣੀ ਕਰਨ ਦੀ ਹਿੰਮਤ ਨਹੀਂ ਕਰ ਸਕਦੇ। ਜਿਹੜੀ ਗੱਲ ਕਹੀ ਜਾ ਸਕਦੀ ਹੈ, ਉਹ ਇਹ ਹੈ ਕਿ ਇਸ ਵਾਰੀ ਭਾਜਪਾ ਲੀਡਰਸ਼ਿਪ ਮੂੰਹੋਂ ਮੰਨੇ ਜਾਂ ਨਾ ਮੰਨੇ, ਦੋਵਾਂ ਰਾਜਾਂ ਦੀਆਂ ਚੋਣਾਂ ਦੌਰਾਨ ਆਪਣੇ ਆਪ ਨੂੰ ਫਸਿਆ ਮਹਿਸੂਸ ਕੀਤੇ ਬਿਨਾਂ ਨਹੀਂ ਰਹਿ ਸਕਦੀ। ਇੱਕ ਗੱਲ ਜਿਹੜੀ ਚੋਣਾਂ ਦੇ ਵੱਡੇ ਮਾਹਰ ਖੁੱਲ੍ਹ ਕੇ ਕਹਿੰਦੇ ਹਨ, ਉਹ ਇਹ ਹੈ ਕਿ ਫਸੇ ਹੋਣਗੇ ਤਾਂ ਭਾਜਪਾ ਲੀਡਰ ਹੀ ਫਸੇ ਹੋਣਗੇ, ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਇਸ ਨੂੰ ਇੱਕ ਚੋਣ ਮੈਚ ਵਾਲੇ ਰੌਂਅ ਵਿੱਚ ਲੈ ਰਹੀ ਹੈ, ਕਿਉਂਕਿ ਜਿੱਤਣ ਜਾਂ ਹਾਰਨ, ਉਨ੍ਹਾਂ ਕੋਲ ਦੋਵਾਂ ਰਾਜਾਂ ਵਿੱਚ ਗੁਆਉਣ ਨੂੰ ਕੁਝ ਨਹੀਂ ਤੇ ਜਿੰਨੀਆਂ ਵੀ ਸੀਟਾਂਜਿੱਤਣਗੇ, ਉਨ੍ਹਾਂ ਨੇ ਕੁਝ ਕਦਮ ਅੱਗੇ ਹੀ ਜਾਣਾ ਹੈ। ਸਭ ਤੋਂ ਮੰਦੀ ਹਾਲਤ ਕਾਗਰਸ ਵਾਲੀ ਧਿਰ ਦੀ ਹੈ, ਜਿਹੜੀ ਆਪਣੀ ਹੋਂਦ ਕਾਇਮ ਰੱਖਣ ਦੀ ਲੜਾਈ ਲੜ ਰਹੀ ਜਾਪਦੀ ਹੈ ਅਤੇ ਏਦਾਂ ਦੇ ਮੌਕੇ ਵੀ ਉਸ ਦੇ ਆਗੂ ਆਪਸ ਵਿੱਚ ਇੱਕ ਦੂਸਰੇ ਨਾਲ ਮਿਲ ਕੇ ਚੱਲਣ ਨੂੰ ਤਿਆਰ ਨਹੀਂ ਹੋ ਸਕੇ। ਨਤੀਜਾ ਕਿਸੇ ਵੀ ਸਿਆਸੀ ਧਿਰ ਦੇ ਪੱਖ ਵਿੱਚ ਚਲਾ ਜਾਵੇ, ਇਸ ਵਾਰੀ ਇਨ੍ਹਾਂ ਦੋਵਾਂ ਰਾਜਾਂ ਵਿੱਚ ਹੋਈ ਚੋਣ ਭਾਰਤ ਦੇ ਭਵਿੱਖ ਨੂੰ ਇੱਕ ਨਵੀਂ ਲੀਹ ਉੱਤੇ ਪਾਉਣ ਵਾਲੀ ਬਣ ਸਕਦੀ ਹੈ। ਦਿੱਲੀ ਵਿੱਚ ਪਹਿਲੀ ਵਾਰੀ ਆਮ ਆਦਮੀ ਪਾਰਟੀ ਅੱਗੇ ਵਧੀ, ਪਰ ਬਹੁ-ਸੰਮਤੀ ਨਹੀਂ ਸੀ ਲੈ ਸਕੀ ਤੇ ਦੂਸਰੀ ਵਾਰੀ ਜ਼ੋਰਦਾਰ ਬਹੁ-ਸੰਮਤੀ ਨਾਲ ਛਾ ਗਈ ਸੀ। ਪੰਜਾਬ ਵਿੱਚ ਵੀ ਪਹਿਲੀ ਚੋਣ ਵਿੱਚ ਵੀਹ ਸੀਟਾਂ ਜਿੱਤਣ ਦੇ ਬਾਅਦ ਅਗਲੀ ਵਾਰੀ ਜੋ ਕੁਝ ਹੋਇਆ ਸੀ, ਸਭ ਨੂੰ ਪਤਾ ਹੈ। ਗੁਜਰਾਤ ਵਿੱਚ ਕੀ ਹੋਣ ਵਾਲਾ ਹੈ, ਅਸੀਂ ਕੁਝ ਨਹੀਂ ਕਹਿ ਸਕਦੇ।

# ਪੰਜਾਬੀ ਵਿਦਿਆਰਥੀ ਨੇ ਟੋਰਾਂਟੋ (ਕੈਨੇਡਾ) ਵਿੱਚ ਮੋਗਾ ਦਾ ਨਾਮ ਕੀਤਾ ਰੌਸ਼ਨ

ਮੋਗਾ/ 26 ਨਵੰਬਰ( ਭਵਨਦੀਪ ਸਿੰਘ ਪੁਰਬਾ) ਜਿੱਥੇ ਵਿਦੇਸ਼ਾ ਵਿੱਚ ਜਾਂ ਕੇ ਪੰਜਾਬੀ ਹਰ ਖੇਤਰ ਵਿੱਚ ਮੱਲਾਂ ਮਾਰ ਰਹੇ ਹਨ ਉਥੇ ਸਾਡੇ ਪੜਾਈ ਕਰਨ ਗਏ ਵਿਦਿਆਰਥੀ ਵੀ ਆਪਣੀ ਕਾਬਲੀਅਤ ਨਾਲ ਆਪਣੇ ਖੇਤਰ, ਪੰਜਾਬ, ਅਤੇ ਪੰਜਾਬੀਆਂ ਦਾ ਨਾਮ ਰੋਸ਼ਨ ਕਰ ਰਹੇ ਹਨ । ਇਸ ਦੀ ਤਾਜਾ ਮਿਸਾਲ ਹੈ ਮੋਗਾ



ਜਿਲ੍ਹੇ ਦਾ ਨਵਦੀਪ ਸਿੰਘ ਬਰਾੜ। ਨਵਦੀਪ ਸਿੰਘ ਬਰਾੜ ਸਪੁੱਤਰ ਬਲਵਿੰਦਰ ਸਿੰਘ ਕਾਨੂੰਗੋ ਵਾਸੀ ਪਿੰਡ ਰੋਡੇ, ਤਹਿ: ਬਾਘਾਪੁਰਾਣਾ, ਹਾਲ ਆਬਾਦ ਮੋਗਾ ਜ਼ਿਲ੍ਹਾ ਮੋਗਾ ਹੈ ਜਿਸ ਨੇ ਟੋਰਾਂਟੋ (ਕੈਨੇਡਾ) ਵਿਖੇ ਆਈਲਟਸ 'ਚੋ ਓਵਰਆਲ 8 ਪੁਆਇੰਟ ਲੈ ਕੇ ਮੋਗੇ ਦਾ ਨਾਮ ਰੋਸ਼ਨ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਨਵਦੀਪ ਦੇ ਪਿਤਾ ਸ। ਬਲਵਿੰਦਰ ਸਿੰਘ ਰੋਡੇ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਨਵਦੀਪ ਸਿੰਘ ਬਰਾੜ ਨੇ ਟੋਰਾਂਟੋ (ਕੈਨੇਡਾ) ਵਿਖੇ ਆਈਲਟਸ ਦੇ ਟੈਸਟ ਵਿੱਚੋਂ ਲਿਸਨਿੰਗ 9, ਰੀਡਿੰਗ 9, ਰਾਈਟਿੰਗ 7, ਸਪੀਕਿੰਗ 7।5, ਓਵਰਆਲ 8 ਪੁਆਇੰਟ (ਬੈਂਡ) ਹਾਸਲ ਕਰਕੇ ਆਪਣੇ ਪਿੰਡ, ਜ਼ਿਲ੍ਹੇ ਅਤੇ ਪੰਜਾਬ ਦਾ ਨਾਮ ਰੌਸ਼ਨ ਕੀਤਾ ਹੈ।

ਪੰਜਾਬੀ ਪੋਸਟ CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com

ਪਲਾਟ ਵਿਕਾਊ
ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।
ਫੋਨ ਨੰਬਰ 917837596119
647-760-2769

ਕੇਅਰ ਗਿਵਰ ਦੀ ਲੋੜ
ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:



**204-333-9000, 416-818-3777**

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

ਫੀਮੇਲ ਹਾਊਸਕੀਪਰ ਦੀ ਲੋੜ
ਮਾਰਖਮ ਹਾਊਸ, ਜਿਸ ਵਿਚ ਕ੍ਰਿਸ਼ਨਾ ਮੰਦਰ ਹੈ, ਲਈ ਫੁਲ ਟਾਈਮ ਲਿਵ ਇਨ ਫੀਮੇਲ ਹਾਊਸਕੀਪਰ ਦੀ ਲੋੜ ਹੈ। ਘਰ ਪੂਰੀ ਤਰ੍ਹਾਂ ਸ਼ਾਕਾਹਾਰੀ ਹੈ, ਇੱਥੋਂ ਤੱਕ ਕਿ ਪਿਆਜ ਅਤੇ ਲਹਿਸਣ ਦੀ ਵਰਤੋਂ ਦੀ ਵੀ ਆਗਿਆ ਨਹੀਂ ਹੈ। ਕੰਮ ਦੇ ਵਿਚ ਖਾਣਾ ਬਣਾਉਣਾ, ਸਾਫ-ਸਫਾਈ ਅਤੇ ਸਾਰੇ ਘਰ ਦੀ ਵਧੀਆ ਤਰੀਕੇ ਨਾਲ ਸੰਭਾਲ ਕਰਨੀ ਸ਼ਾਮਲ ਹਨ। ਹਾਊਸਕੀਪਰ ਨੂੰ ਘਰ ਦੇ ਮੈਂਬਰ ਵਾਂਗ ਰੱਖਿਆ ਜਾਵੇਗਾ। ਚਾਹਵਾਨ ਕ੍ਰਿਪਾ ਕਰਕੇ vbsharma@vbsharma.ca ਉਤੇ ਅਪਲਾਈ ਕਰਨ। ਫੋਨ ਨੰਬਰ 416-292-4431 ext. 224 ਉਤੇ 3 ਵਜੇ ਤੋਂ ਬਾਅਦ ਸੰਪਰਕ ਕਰ ਸਕਦੇ ਹਨ।